# ਅੰਮ੍ਰਿਤ ਕੀਰਤਨ

ਫਰਵਰੀ 2001




ਨਿਰਬਾਨ ਕੀਰਤਨੁ ਗਾਵਹੁ ਕਰਤੇ ਕਾ
ਨਿਮਖ ਸਿਮਰਤ ਜਿਤੁ ਛੂਟੈ॥

# ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 2 ◆ ਸਾਲ ਤੇਹਵਾਂ ◆ ਫਰਵਰੀ 2001



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)

**ਡਾ. ਗੁਰਮੀਤ ਸਿੰਘ ਬੈਦਵਾਨ**

ਐਮ.ਏ., ਪੀ.ਐਚ.ਡੀ.

ਸਹਿਯੋਗੀ

**ਸ. ਹਰਭਜਨ ਸਿੰਘ**

**ਸ. ਉੱਤਮ ਸਿੰਘ**



ਚੰਦੇ ਦਾ ਵੇਰਵਾ :

◆ ਦੇਸ਼: ਇਕ ਕਾਪੀ 15 ਰੁ., ਸਲਾਨਾ 150 ਰੁ.,
ਜੀਵਨ ਮੈਂਬਰ (15 ਸਾਲ) 1500 ਰੁ.

◆ ਵਿਦੇਸ਼: ਸਲਾਨਾ 30 $
ਜੀਵਨ ਮੈਂਬਰ (15 ਸਾਲ) 300 $

ਇਸ਼ਤਿਹਾਰਾਂ ਦਾ ਵੇਰਵਾ :

*ਪਿਛਲਾ ਕਵਰ:* 6000 ਰੁਪਏ

*ਕਵਰ ਦੇ ਅੰਦਰਲੇ ਪੰਨੇ:* 4000 ਰੁਪਏ

*ਸਾਧਾਰਨ ਪੂਰਾ ਪੰਨਾ:* 2000 ਰੁਪਏ



ਚਿੱਠੀ ਪੱਤਰ ਲਈ ਪਤਾ

ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

1246/I, ਸੈਕਟਰ 22-ਬੀ, ਚੰਡੀਗੜ੍ਹ 160 022

ਫੋਨ : 0172-701396, 713915

**e-mail:** drjagirsingh@rediffmail.com



'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ
'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

Donations are eligible for relief u/s 80 G of Income-Tax Act, 1961 vide CIT/ CHD/ 80-G/78/Tech. dated 30/7/1999 valid upto 31/3/2001



2 **ਮਿਤ੍ਰ ਅਸਾਡੜੇ ਸੇਈ**

3 **ਕਰਉ ਬੇਨੰਤੀਆ**

4 **ਆਦਿ ਗੁਰੂ ਗ੍ਰੰਥ ਸਾਹਿਬ ਦਾ ਨਿਆਂਇਕ ਵਿਅਕਤੀ ਰੁਤਬਾ**
ਗਿਆਨੀ ਬਚਿੱਤਰ ਸਿੰਘ ਐਡਵੋਕੇਟ

10 **ਭਾਈ ਹਰਚੰਦ ਸਿੰਘ ਰਾਗੀ ਤੇ ਸਾਥੀ**
ਹਰਭਜਨ ਸਿੰਘ ਬਟਾਲਵੀ

12 **ਉਸਤਾਦ ਬਹਾਦਰ ਸਿੰਘ**
ਡਾ. ਗੁਰਨਾਮ ਸਿੰਘ

15 **ਸੁਰ ਸਾਧਨ**
ਸੰਤ ਸਰਵਣ ਸਿੰਘ 'ਗੰਧਰਬ'

21 **Intellectualisation, politicisation and commercialisation of spirituality - the present sad scenario**
Bhagawant Singh Dalawari

27 **Peace in Sikhism**
ਸਤਨਾਮ ਕੌਰ

28 **Summary of the inter religious dialogue**
Leena Walter Pinto

29 **ਸੁਰ-ਲਿਪੀਆਂ**
ਪ੍ਰੋ. ਪਰਮਜੋਤ ਸਿੰਘ



ਕਵਰ ਚਿੱਤਰ :

**Courtesy: Dee Craft**



ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
*sohal specials*
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ ਮੈਂ ਆਪ ਜੀ ਨੂੰ ਨਵੇਂ ਸਾਲ, ਨਵੀਂ ਸਦੀ ਦੇ ਆਗਮਨ ਤੇ ਮੁਬਾਰਕ ਬਾਦ ਦੇਂਦਾ ਹਾਂ ਅਤੇ ਕਾਮਨਾਂ ਕਰਦਾ ਹਾਂ ਕਿ ਆਪ ਜੀ, ਆਪ ਜੀ ਦਾ ਪਰਵਾਰ ਤੇ ਸੱਜਣਾਂ ਮਿੱਤਰਾਂ ਨੂੰ ਵਾਹਿਗੁਰੂ ਜੀ ਖ਼ੁਸ਼ੀਆਂ ਖੇੜੇ ਬਖਸ਼ੇ ਅਤੇ 'ਅੰਮ੍ਰਿਤ ਕੀਰਤਨ' ਆਉਂਦੇ ਸਮੇਂ ਵਿੱਚ ਕੀਰਤਨ ਪ੍ਰੇਮੀਆਂ ਦੀ ਵਧ ਤੋਂ ਵਧ ਸੇਵਾ ਵਿੱਚ ਤਤਪਰ ਰਹੇ।

– ***ਅੱਛਰ ਸਿੰਘ***, ਮੁੰਬਈ

★ ਤੁਹਾਡਾ ਹਰਮਨ ਪਿਆਰਾ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ ਜਿਸ ਲਈ ਤਹਿ ਦਿਲੋਂ ਧੰਨਵਾਦੀ ਹਾਂ।

– *ਡਾ. ਜਸਬੀਰ ਸਿੰਘ ਸਰਨਾ*, ਨੇੜੇ ਸੁਪਰ ਬਾਜ਼ਾਰ, ਬਾਰਾਮੁੱਲਾ – 193 101, ਕਸ਼ਮੀਰ

★ Thanks for sending 'Amrit Kirtan' regularly every month. My wife and me enjoy it reading and learning about Gurshabad Kirtan. We hope that you will continue to provide this good service to all in His name. Some of the essays are very enlightening.

I am enclosing a US Dollar World Money Order of $30.00 (US Dollars) as our subscription for one year.

- ***Pritam Singh Cheema,*** 17 Lunenburg St., St. John's, Newfoundland, Canada A1A 5A5

**ANYWAY**

People are unreasonable, illogical and self-centered.
Love them anyway.
If You do good, people will accuse you of selfish ulterior motives.
Do good anyway.
If you are successful you win false friends and true enemies.
Succeed anyway.
The good you do today will be forgotten tomorrow.
Do good anyway.
Honesty and frankness make you vulnerable.
Be honest and frank anyway.
People favour underdogs but follow only topdogs
Fight far some under dogs anyway.
What you spend years building may be destroyed overnight.
Build anyway.
People really need help but may attack you if you help them.
Help people anyway.
If you give the world the best you have, you'll get kicked in the teeth.
**Give the world the best you've got anyway.**

**With best compliments from a wellwisher**

## ਕੀਰਤਨ ਕਲਾ ਦੀ ਸੰਭਾਲ

ਪੁਰਾਤਨ ਕਾਲ ਦੇ ਕੀਰਤਨੀਏ ਕਿਵੇਂ ਕੀਰਤਨ ਕਰਦੇ ਸਨ? ਇਹ ਪ੍ਰਸ਼ਨ ਜਦੋਂ ਬਜ਼ੁਰਗਾਂ ਨੂੰ ਕਰਦੇ ਹਾਂ ਤਾਂ ਉਹ ਬੜੇ ਭਾਵਕ ਹੋ ਕੇ ਕਹਿੰਦੇ ਹਨ- "ਕਿਆ ਬਾਤਾਂ ਸਨ ਉਹਨਾਂ ਕੀਰਤਨੀਆਂ ਦੀਆਂ, ਉਹਨਾਂ ਦੀਆਂ ਆਵਾਜ਼ਾਂ, ਉਹਨਾਂ ਦੀ ਰਾਗ ਦਾਰੀ ਉਹਨਾਂ ਦੀਆਂ ਤਾਨਾਂ ਆਦਿ ਆਦਿ।" ਜੇ ਕਿਸੇ ਨੂੰ ਕਹੀਏ ਕਿ ਦੱਸੋ ਤਾਂ ਸਹੀ ਅਜੋਕੇ ਯੁੱਗ ਵਿੱਚ ਉਹਨਾਂ ਜਿਹਾ ਕੋਈ ਕੀਰਤਨ ਕਰਦਾ ਹੈ ਤਾਂ ਉਹ ਦਸ ਨਹੀਂ ਸਕਦੇ।

ਉਹਨਾਂ ਦਿਨਾਂ ਵਿੱਚ ਟੇਪ ਰਿਕਾਰਡਰ ਨਹੀਂ ਸੀ ਹੁੰਦੇ। ਲਾਊਡ ਸਪੀਕਰ ਨਹੀਂ ਸੀ ਹੁੰਦੇ। ਸੁਰ ਲਿਪੀ ਦਾ ਪ੍ਰਚਲਨ ਵੀ ਸੀ ਹੋਇਆ। ਜਿਹੜੇ ਰਾਗਾਂ ਦੇ ਸਰੂਪ ਅਸੀਂ ਅਜ ਕਲ੍ਹ ਗਾਇਨ ਕਰਦੇ ਹਾਂ ਜ਼ਰੂਰੀ ਨਹੀਂ ਕਿ ਇਹ ਇਸੇ ਤਰ੍ਹਾਂ ਗੁਰੂ ਸਾਹਿਬਾਨ ਦੇ ਵੇਲੇ ਵੀ ਗਾਏ ਜਾਂਦੇ ਹੋਣ। ਸਿਰੀਰਾਗ ਬਾਰੇ ਤਾਂ ਆਮ ਕਿਹਾ ਜਾਂਦਾ ਹੈ ਕਿ ਇਹ ਪਹਿਲਾਂ ਕਾਫੀ ਥਾਟ ਵਿੱਚ ਗਾਇਆ ਜਾਂਦਾ ਸੀ। ਜਦੋਂ ਕਿ ਅਜਕਲ ਇਹ ਪੂਰਬੀ ਥਾਟ ਵਿੱਚ ਗਾਇਆ ਜਾਂਦਾ ਹੈ। ਸਾਡੇ ਵੇਖਦਿਆਂ-ਵੇਖਦਿਆਂ ਗਾਇਕੀ ਬਦਲੀ ਜਾ ਰਹੀ ਹੈ। ਕਲਾਸੀਕਲ ਗਾਇਨ ਵਿੱਚ ਪਿਛਲੇ ਪੰਜਾਹ ਸਾਲਾਂ ਵਿੱਚ ਵੱਡੀ ਤਬਦੀਲੀ ਆਈ ਹੈ। ਜਿਵੇਂ ਉਸਤਾਦ ਅਲਾਉਦੀਨ ਖਾਂ ਸਾਹਿਬ ਗਾਉਂਦੇ ਸਨ ਉਵੇਂ ਅਜਕਲ ਦੇ ਉਸਤਾਦ ਨਹੀਂ ਗਾਉਂਦੇ। ਜਿਵੇਂ ਭਾਈ ਸੰਮੁੰਦ ਸਿੰਘ, ਭਾਈ ਸੰਤਾ ਸਿੰਘ ਆਦਿ ਕੀਰਤਨ ਕਰਦੇ ਸਨ ਉਵੇਂ ਹੁਣ ਦੇ ਕੀਰਤਨੀਏ ਕੀਰਤਨ ਨਹੀਂ ਕਰਦੇ। ਇੱਥੇ ਅਸੀਂ ਠੀਕ-ਗਲਤ ਜਾਂ ਚੰਗੇ-ਮਾੜੇ ਦੀ ਗੱਲ ਨਹੀਂ ਕਰ ਰਹੇ ਸਗੋਂ ਤਬਦੀਲੀ ਦੀ ਗੱਲ ਕਰ ਰਹੇ ਹਾਂ। ਇਹ ਤਬਦੀਲੀ ਲਾਊਡ ਸਪੀਕਰ ਕਰਕੇ ਵੀ ਆਈ ਹੈ। ਹੁਣ ਗਾਇਕੀ ਵੇਲੇ ਜ਼ੋਰ ਲਾਉਣ ਦੀ ਲੋੜ ਨਹੀਂ ਰਹੀ।

ਅਜਕਲ ਰਿਕਾਰਡਿੰਗ ਦਾ ਯੁਗ ਆ ਗਿਆ ਹੈ। ਕੀਰਤਨੀਆਂ ਦੇ ਕੀਰਤਨ ਨੂੰ ਰਿਕਾਰਡ ਕਰਕੇ ਸੰਭਾਲਿਆ ਜਾ ਸਕਦਾ ਹੈ। ਕੀਰਤਨ ਦੇ ਵਿਦਿਆਰਥੀ ਉਸ ਕੀਰਤਨ ਨੂੰ ਸੁਣ ਕੇ ਅੰਦਾਜ਼ਾ ਲਾ ਸਕਦੇ ਹਨ ਕਿ ਵਿਸ਼ੇਸ਼ ਕੀਰਤਨੀਆਂ ਕਿਵੇਂ ਕੀਰਤਨ ਕਰਦਾ ਸੀ। ਇਸ ਦੇ ਨਾਲ-ਨਾਲ ਕੀਰਤਨੀਏ ਦੀਆਂ ਰੀਤਾਂ ਦੀਆਂ ਨੋਟੇਸ਼ਨਾਂ ਵੀ ਬਣਾਈਆਂ ਜਾ ਸਕਦੀਆਂ ਹਨ।

ਅਜਿਹਾ ਉਪਰਾਲਾ, ਪੰਜਾਬ ਐਂਡ ਸਿੰਧ ਬੈਂਕ ਵਲੋਂ ਸਥਾਪਿਤ ਕੀਤੇ ਡਿਵੋਸ਼ਨਲ ਮਿਊਜੀਕਲ ਆਰਕਾਈਵ, ਗਰੀਨ ਪਾਰਕ, ਜਲੰਧਰ ਵਿਖੇ ਕੀਤਾ ਜਾ ਰਿਹਾ ਹੈ। ਇੱਥੇ ਕੀਰਤਨੀਆਂ ਦੇ ਕੀਰਤਨ ਨੂੰ ਟੇਪਾਂ ਵਿੱਚ ਸੰਭਾਲਿਆ ਜਾ ਰਿਹਾ ਹੈ। ਉੱਥੋਂ ਦੇ ਇੰਚਾਰਜ ਪ੍ਰੋ. ਪਰਮਜੋਤ ਸਿੰਘ ਕੁਝ ਕੀਰਤਨੀਆਂ ਦੀਆਂ ਰੀਤਾਂ ਨੂੰ ਲਿਪੀ ਬੱਧ ਵੀ ਕਰ ਰਹੇ ਹਨ।

ਪਿੱਛੇ ਜਿਹੇ ਉਹਨਾਂ ਸਾਡੀ ਬੇਨਤੀ ਪ੍ਰਵਾਨ ਕਰਦਿਆਂ ਭਾਈ ਬਖਸ਼ੀਸ਼ ਸਿੰਘ ਜੀ ਦੇ ਗਾਇਨ ਕੀਤੇ ਕੁਝ ਸ਼ਬਦਾਂ ਦੀਆਂ ਰੀਤਾਂ ਲਿਪੀ ਬੱਧ ਕਰਕੇ ਭੇਜੀਆਂ। ਇਹ ਸੁਰ ਲਿਪੀਆਂ ਅਸੀਂ ਇਸ ਅੰਕ ਵਿੱਚ ਛਾਪਣ ਦੀ ਖੁਸ਼ੀ ਲੈ ਰਹੇ ਹਾਂ।

ਭਾਈ ਬਖਸ਼ੀਸ਼ ਸਿੰਘ ਰਾਗ, ਸੁਰ, ਲੈਅ ਦੇ ਧਨੀ ਸਨ। ਆਪ ਗੁਰਬਾਣੀ ਦਾ ਉਚਾਰਨ ਬੜਾ ਸਪਸ਼ਟ ਕਰਦੇ ਸਨ। ਰੀਤ ਬਣਾਉਣ ਵੇਲੇ ਆਪ ਸਰੋਤੇ ਦੀ ਬਿਰਤੀ ਦਾ ਵਿਸ਼ੇਸ਼ ਧਿਆਨ ਰੱਖਦੇ ਸਨ। ਭਾਵੇਂ ਇਹ ਰੀਤਾਂ ਨਿਰਧਾਰਿਤ ਰਾਗਾਂ ਦੀਆਂ ਨਹੀਂ ਹਨ ਪਰ ਇਹਨਾਂ ਵਿੱਚੋਂ ਪਰੰਪਰਾਗਤ ਕੀਰਤਨ ਸ਼ੈਲੀ ਦੀ ਝਲਕ ਮਿਲਦੀ ਹੈ।

ਦਾਸ ਨੇ ਭਾਈ ਬਖਸ਼ੀਸ਼ ਸਿੰਘ ਜੀ ਨਾਲ ਦੋ ਢਾਈ ਸਾਲ ਕੀਰਤਨ ਕੀਤਾ ਹੈ। ਕੀਰਤਨ ਕਰਦਿਆਂ ਕਰਦਿਆਂ ਉਹਨਾਂ ਪਾਸੋਂ ਕਾਫੀ ਕੁਝ ਸਿੱਖਿਆ ਹੈ। ਵਿਦਿਆਰਥੀ ਉਹਨਾਂ ਦੇ ਕੀਰਤਨ ਦੀਆਂ ਟੇਪਾਂ ਸੁਣਨ ਦੇ ਨਾਲ-ਨਾਲ ਜੇ ਇਹਨਾਂ ਨੋਟੇਸ਼ਨਾਂ ਰਾਹੀਂ ਸ਼ਬਦ ਗਾਇਨ ਸਿੱਖਣ ਦੀ ਕੋਸ਼ਿਸ਼ ਕਰਨਗੇ ਤਾਂ ਨਿਸਚੇ ਹੀ ਲਾਭ ਹੋਵੇਗਾ।

ਇਸ ਖੇਤਰ ਵਿੱਚ ਹੋਰ ਕੀ ਕੁਝ ਕਰਨਾ ਚਾਹੀਦਾ ਹੈ? ਇਸ ਬਾਰੇ ਕਦੇ ਤੁਸੀਂ ਵੀ ਖਤ ਲਿਖਿਆ ਕਰੋ। ਉਡੀਕ ਵਿੱਚ।

# "ਆਦਿ ਗੁਰੂ ਗ੍ਰੰਥ ਸਾਹਿਬ ਦਾ ਨਿਆਂਇਕ ਵਿਅਕਤੀ ਰੁਤਬਾ"

## *ਸੁਪਰੀਮ ਕੋਰਟ ਦਾ ਅਲੌਕਿਕ ਤੇ ਅਨੂਠਾ ਫੈਸਲਾ*

ਗਿਆਨੀ ਬਚਿੱਤਰ ਸਿੰਘ ਐਡਵੋਕੇਟ
1182, ਸੈਕਟਰ: 44-ਬੀ, ਚੰਡੀਗੜ੍ਹ

ਸੰਸਾਰ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਭਾਰਤ ਦੀ ਸੁਪਰੀਮ ਕੋਰਟ ਵੱਲੋਂ 29 ਮਾਰਚ, 2000 ਈ: ਨੂੰ ਗੁਰੂ ਗ੍ਰੰਥ ਸਾਹਿਬ ਨੂੰ ਇੱਕ ਨਿਆਂਇਕ ਵਿਅਕਤੀ ਵਜੋਂ ਮਾਨਤਾ ਦੇਣ ਦਾ ਬਹੁਤ ਵੱਡਾ ਮਹੱਤਵ ਅਤੇ ਮਹਾਨਤਾ ਹੈ ਜਿਸਦੇ ਕਈ ਪੱਖਾਂ ਤੋਂ ਦੂਰਦਰਸ਼ੀ ਨਤੀਜੇ ਨਿਕਲਣਗੇ। ਸੁਪਰੀਮ ਕੋਰਟ ਦੇ ਦੋ ਮਾਨਯੋਗ ਜੱਜਾਂ ਜਸਟਿਸ ਐਮ. ਜਗਨ ਨੰਦਾ ਰਾਉ ਅਤੇ ਜਸਟਿਸ ਏ. ਪੀ. ਮਿਸ਼ਰਾ ਨੇ ਜਿਸ ਨਿਰਪੱਖਤਾ ਅਤੇ ਬੇਬਾਕੀ ਨਾਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਰੱਦ ਕਰਦੇ ਹੋਏ "ਆਦਿ ਗੁਰੂ ਗ੍ਰੰਥ ਸਾਹਿਬ" ਨੂੰ ਸਿੱਖਾਂ ਦਾ ਇੱਕੋ-ਇੱਕ ਅਤੇ ਵਾਹਦ ਗੁਰੂ ਪ੍ਰਵਾਨ ਕੀਤਾ ਹੈ ਉਹ ਬਹੁਤ ਹੀ ਸਲਾਹੁਣਯੋਗ ਹੈ।

ਮਾਨਯੋਗ ਜੱਜਾਂ ਨੇ ਇਸ ਕੇਸ ਦਾ ਇਤਿਹਾਸਕ ਪਿਛੋਕੜ ਬਿਆਨ ਕਰਦੇ ਹੋਏ ਲਿਖਿਆ ਹੈ ਕਿ ਬਿਲਾਸਪੁਰ, ਧਮੋਟ, ਘੁੜਾਣੀ, ਲਾਪਰਾਂ ਅਤੇ ਸੁਆਣੀ ਪਿੰਡਾਂ, ਜਿਲ੍ਹਾ ਪਟਿਆਲਾ, ਦੇ 56 ਵਿਅਕਤੀਆਂ ਨੇ ਸਿੱਖ ਗੁਰਦੁਆਰਾ ਐਕਟ 1925 ਦੀ ਧਾਰਾ 7 (1) ਤਹਿਤ ਅਰਜ਼ੀ ਦਾਇਰ ਕੀਤੀ ਕਿ ਝਗੜੇ ਵਾਲੀ ਜਾਇਦਾਦ ਨੂੰ ਗੁਰਦੁਆਰਾ ਐਲਾਨਿਆਂ ਜਾਵੇ। ਪੰਜਾਬ ਸਰਕਾਰ ਨੇ ਨੋਟੀਫਿਕੇਸ਼ਨ ਨੰ: 1702-ਜੀ.ਪੀ. ਮਿਤੀ 14 ਸਤੰਬਰ, 1962 ਨੂੰ ਅਰਜ਼ੀ ਗਜ਼ਟ ਵਿੱਚ ਪ੍ਰਕਾਸ਼ਤ ਕੀਤੀ ਜਿਸ ਵਿੱਚ ਗੁਰਦੁਆਰਾ ਸਾਹਿਬ ਦੀ ਜਾਇਦਾਦ ਦੀਆਂ ਹੱਦਾਂ ਵੀ ਦੱਸੀਆਂ ਗਈਆਂ ਸਨ। ਦੂਜੇ ਪਾਸੇ ਸੋਮ ਦਾਸ ਪੁੱਤਰ ਭਗਤ ਰਾਮ, ਸੰਤ ਰਾਮ ਪੁੱਤਰ ਨਾਰਾਇਣ ਦਾਸ ਅਤੇ ਅਨੰਤ ਰਾਮ ਪੁੱਤਰ ਸ਼ਾਮ ਦਾਸ ਪਿੰਡ ਬਿਲਾਸਪੁਰ ਜਿਲ੍ਹਾ ਪਟਿਆਲਾ ਨੇ ਸਾਂਝੇ ਤੌਰ ਤੇ ਸਿੱਖ ਗੁਰਦੁਆਰਾ ਐਕਟ ਦੀ ਧਾਰਾ 8 ਅਤੇ 10 ਤਹਿਤ ਉਪਰ ਬਿਆਨ ਕੀਤੇ ਪਿੰਡਾਂ ਦੇ ਵਿਅਕਤੀਆਂ ਵਲੋਂ ਦਾਇਰ ਅਰਜ਼ੀ ਨੂੰ ਚੈਲੇਂਜ ਕੀਤਾ। ਉਨ੍ਹਾਂ ਦਾਅਵਾ ਕੀਤਾ ਕਿ ਉਹ ਧਰਮਸ਼ਾਲਾ ਅਤੇ ਉਦਾਸੀ ਸਾਧਾਂ ਦਾ ਡੇਰਾ ਹੈ ਜਿਸ ਦੇ ਉਹ ਮਾਲਕ ਅਤੇ ਕਾਬਜ਼ ਹਨ ਅਤੇ ਆਪਣੇ ਪਿਉ ਦਾਦਿਆਂ ਦੇ ਵਾਰਸਾਂ ਵਜੋਂ ਮਾਲਕ ਬਣੇ ਹਨ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਇਸ ਡੇਰੇ ਨਾਲ ਸਬੰਧਤ ਜਾਇਦਾਦ ਦੇ ਵੀ ਉਹ ਮਾਲਕ ਅਤੇ ਕਾਬਜ਼ ਹਨ। ਉਨ੍ਹਾਂ ਇਸ ਨੂੰ ਸਿੱਖ ਗੁਰਦੁਆਰਾ ਮੰਨਣ ਤੋਂ ਇਨਕਾਰ ਕੀਤਾ। ਪੰਜਾਬ ਸਰਕਾਰ ਨੇ ਫੈਸਲੇ ਲਈ ਇਹ ਅਰਜ਼ੀ ਸਿੱਖ ਗੁਰਦੁਆਰਾ ਟ੍ਰਿਬਿਉਨਲ ਪਾਸ ਭੇਜ ਦਿੱਤੀ। ਇਸ ਨੋਟਿਸ ਦੇ ਉੱਤਰ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ (ਅਪੀਲਕਾਰ) ਨੇ ਇਸ ਨੂੰ ਸਿੱਖ ਗੁਰਦੁਆਰਾ ਗਰਦਾਨਿਆਂ ਜਿਹੜਾ ਸਿੱਖਾਂ ਨੇ ਕਾਇਮ ਕੀਤਾ ਅਤੇ ਗੁਰੂ ਗ੍ਰੰਥ ਸਾਹਿਬ ਸਥਾਪਤ ਕਰਕੇ ਉੱਥੇ ਪਾਠ ਅਤੇ ਸੇਵਾ-ਸੰਭਾਲ ਹੁੰਦੀ ਰਹੀ। ਇਸ ਲਈ ਇਸ ਜਾਇਦਾਦ ਦਾ ਕੇਵਲ ਗੁਰਦੁਆਰਾ ਹੀ ਮਾਲਕ ਹੈ। ਕਮੇਟੀ ਨੇ ਇਸ ਨੂੰ ਉਦਾਸੀ ਡੇਰਾ ਮੰਨਣ ਤੋਂ ਇਨਕਾਰ ਕਰ ਦਿੱਤਾ।

ਅਪੀਲਕਾਰ ਸ਼੍ਰੋਮਣੀ ਕਮੇਟੀ ਦਾ ਪੱਖ ਇਹ ਸੀ ਕਿ ਕਮੇਟੀ ਦੀ ਅਰਜ਼ੀ ਦੇ ਖਿਲਾਫ ਕੇਵਲ ਵਾਰਸਾਂ ਵੱਲੋਂ ਜਾਂ 20 ਜਾਂ ਇਸ ਤੋਂ ਵੱਧ ਗੁਰਦੁਆਰਾ ਸਾਹਿਬ ਦੇ ਸ਼ਰਧਾਲੂਆਂ ਵੱਲੋਂ ਇਤਰਾਜ਼ ਦਾਖਲ ਕੀਤਾ ਜਾ ਸਕਦਾ ਹੈ। ਪ੍ਰੰਤੂ ਸੋਮ ਨਾਥ ਆਦਿ ਵੱਲੋਂ ਨਹੀਂ। ਟ੍ਰਿਬਿਉਨਲ ਨੇ ਆਪਣੇ ਫੈਸਲੇ ਵਿੱਚ ਲਿਖਿਆ ਹੈ ਕਿ ਚੂੰ ਕਿ ਮੁਦਾਲਿਆਂ ਨੇ ਜਿਰਹਾ ਦੌਰਾਨ ਇਹ ਗੱਲ ਮੰਨੀ ਕਿ ਝਗੜੇ ਵਾਲੀ ਜਾਇਦਾਦ ਉਨ੍ਹਾਂ ਦਾ ਰਿਹਾਇਸ਼ੀ ਮਕਾਨ ਹੈ ਅਤੇ ਉੱਥੇ ਕੋਈ ਪੂਜਾ ਪਾਠ ਨਹੀਂ ਹੁੰਦਾ ਅਤੇ ਨਾ ਹੀ ਇੱਥੇ ਆਮ ਲੋਕੀ ਪੂਜਾ ਪਾਠ ਜਾਂ ਇਸਦਾ ਪ੍ਰਬੰਧ ਕਰਦੇ ਹਨ। ਇਸ ਕਰਕੇ ਉਹ ਇਸ ਵਿਰਾਸਤ ਦੇ ਹੱਕਦਾਰ ਨਹੀਂ ਕਿਉਂਕਿ ਉਹ ਨਾ ਹੀ ਇਸਦਾ ਪ੍ਰਬੰਧ ਕਰਦੇ ਹਨ ਅਤੇ ਨਾ ਹੀ ਜਨਤਕ ਤੌਰ ਤੇ ਪੂਜਾ ਪਾਠ ਕਰਦੇ ਹਨ। ਇਨ੍ਹਾਂ ਕਾਰਨਾਂ ਕਰਕੇ ਉਨ੍ਹਾਂ ਦੀ ਧਾਰਾ 8 ਤਹਿਤ ਦਾਇਰ ਕੀਤੀ ਅਰਜ਼ੀ 9 ਫਰਵਰੀ, 1965 ਨੂੰ ਰੱਦ ਕਰਦੇ ਹੋਏ ਟ੍ਰਿਬਿਉਨਲ ਨੇ ਫੈਸਲਾ ਦਿੱਤਾ ਕਿ ਉਨ੍ਹਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਕੋਈ ਅਧਿਕਾਰ ਨਹੀਂ।

ਇਸ ਫੈਸਲੇ ਦੇ ਖਿਲਾਫ਼ ਉਨ੍ਹਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਅਪੀਲ ਦਾਇਰ ਕੀਤੀ ਜੋ 24 ਮਾਰਚ, 1976 ਨੂੰ ਰੱਦ ਕਰ ਦਿੱਤੀ ਗਈ ਅਤੇ ਅੰਤਮ ਹੋ ਨਿਬੜੀ। ਇਸ ਤੋਂ ਪਿੱਛੋਂ ਟ੍ਰਿਬਿਉਨਲ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪੱਖ ਇਹ ਸੀ ਕਿ ਪਿੰਡ ਬਿਲਾਸਪੁਰ ਵਿੱਚ ਸਥਿਤ ਖੇਤੀ ਵਾਲੀ ਜ਼ਮੀਨ ਅਤੇ

ਇਮਾਰਤਾਂ "ਗੁਰਦੁਆਰਾ ਸਾਹਿਬ ਧਰਮਸ਼ਾਲਾ ਗੁਰੂ ਗ੍ਰੰਥ ਸਾਹਿਬ ਦੀ ਮਲਕੀਅਤ ਹਨ।" ਮੁਦਾਲੇ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਇਸ ਜ਼ਾਇਦਾਦ ਦੇ ਮੈਨੇਜਰ ਵਜੋਂ ਵਿਚਰਦੇ ਰਹੇ ਅਤੇ ਉਨ੍ਹਾਂ ਦਾ ਇਸ ਉੱਤੇ ਕੋਈ ਜਾਤੀ ਹੱਕ ਨਹੀਂ ਸੀ। ਟ੍ਰਿਬਿਊਨਲ ਨੇ ਸ਼੍ਰੋਮਣੀ ਕਮੇਟੀ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ।

ਇਸ ਫੈਸਲੇ ਦੇ ਖਿਲਾਫ ਮੁਦਾਲਿਆਂ ਨੇ ਪਹਿਲੀ ਅਪੀਲ ਦਾਇਰ ਕੀਤੀ। ਇਸੇ ਅਪੀਲ ਦੇ ਅਧਵਾਟੇ ਹੋਣ ਦੌਰਾਨ ਸ਼੍ਰੋਮਣੀ ਕਮੇਟੀ ਨੇ ਹੇਠਲੀ ਅਦਾਲਤ ਵਿੱਚ ਐਕਟ ਦੀ ਧਾਰਾ 25 ਦੇ ਤਹਿਤ ਜ਼ਮੀਨ ਅਤੇ ਇਮਾਰਤਾਂ ਉੱਤੇ ਕਬਜ਼ੇ ਲਈ ਦਾਅਵਾ ਦਾਇਰ ਕਰ ਦਿੱਤਾ ਅਤੇ ਅਦਾਲਤ ਨੇ ਸ਼੍ਰੋਮਣੀ ਕਮੇਟੀ ਦੇ ਹੱਕ ਵਿੱਚ ਫੈਸਲਾ ਦੇ ਦਿੱਤਾ। ਉਪਰੰਤ ਮਾਮਲਾ ਹਾਈ ਕੋਰਟ ਵਿੱਚ ਚਲਿਆ ਗਿਆ। ਮੁਦਾਲਿਆਂ ਨੇ ਹਾਈ ਕੋਰਟ ਵਿੱਚ ਪਹਿਲਾ ਇਤਰਾਜ਼ ਉਠਾਇਆ ਕਿ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਗੁਰੂ ਗ੍ਰੰਥ ਸਾਹਿਬ ਦਾ ਨਾਮ ਦਰਜ਼ ਹੋਣਾ ਠੀਕ ਨਹੀਂ ਕਿਉਂ ਕਿ ਗੁਰੂ ਗ੍ਰੰਥ ਸਾਹਿਬ ਸਿੱਖਾਂ ਦਾ ਇੱਕ ਪ੍ਰਵਿੱਤਰ ਗ੍ਰੰਥ ਹੈ ਅਤੇ ਇਹ 'ਨਿਆਂਇਕ ਵਿਅਕਤੀ' ਦੇ ਦਾਇਰੇ ਵਿੱਚ ਨਹੀਂ ਆਉਂਦਾ। ਸ਼੍ਰੋਮਣੀ ਕਮੇਟੀ ਦੇ ਵਕੀਲ ਨੇ ਦਲੀਲਾਂ ਦੇ ਆਧਾਰ ਤੇ ਜ਼ੋਰ ਦਿੰਦੇ ਹੋਏ ਕਿਹਾ ਕਿ 'ਗੁਰੂ ਗ੍ਰੰਥ ਸ਼ਾਹਿਬ ਨਿਆਂਇਕ ਵਿਅਕਤੀ' ਹਨ ਜੋ ਜਾਇਦਾਦ ਦੇ ਮਾਲਕ ਹੋ ਸਕਦੇ ਹਨ। ਇਸ ਸਵਾਲ ਉੱਤੇ ਕਿ ਕੀ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਹਨ। ਹਾਈ ਕੋਰਟ ਦੇ ਦੋ ਮਾਨਯੋਗ ਜੱਜਾਂ ਦੇ ਵਿਚਕਾਰ ਮੱਤ-ਭੇਦ ਪੈਦਾ ਹੋ ਗਏ। ਮਾਨਯੋਗ ਜੱਜ ਜਸਟਿਸ ਕੁਲਵੰਤ ਸਿੰਘ ਟਿਵਾਣਾ ਨੇ ਟ੍ਰਿਬਿਊਨਲ ਦੇ ਫੈਸਲੇ ਨੂੰ ਠੀਕ ਕਰਾਰ ਦਿੰਦੇ ਕਿਹਾ ਕਿ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਹਨ ਅਤੇ ਮੁਦਾਲਿਆਂ ਦੀਆਂ ਅਪੀਲਾਂ ਰੱਦ ਕਰ ਦਿੱਤੀਆਂ। ਦੂਜੇ ਪਾਸੇ ਮਾਨਯੋਗ ਮਦਨ ਮੋਹਣੀ ਪੁੰਛੀ ਨੇ ਅਸਹਿਮਤੀ ਪ੍ਰਗਟ ਕਰਕੇ ਫੈਸਲਾ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਨਹੀਂ, ਪ੍ਰੰਤੂ ਉਨ੍ਹਾਂ ਕੇਸਾਂ ਦੀ ਯੋਗਤਾ ਬਾਰੇ ਕੋਈ ਫੈਸਲਾ ਨਾ ਦਿੱਤਾ। ਮਾਮਲਾ ਦੂਜੇ ਮਾਨਯੋਗ ਜੱਜ ਜਸਟਿਸ ਤਿਵਾੜੀਆ ਪਾਸ ਭੇਜ ਦਿੱਤਾ ਗਿਆ ਜਿਸ ਜਸਟਿਸ ਪੁੰਛੀ ਦੇ ਦ੍ਰਿਸ਼ਟੀਕੋਣ ਨਾਲ ਸਹਿਮਤੀ ਪ੍ਰਗਟ ਕਰਕੇ ਫੈਸਲਾ ਦਿੱਤਾ ਕਿ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਨਹੀਂ। ਇਹ ਫੈਸਲਾ ਸੁਣਾਉਣ ਤੋਂ ਬਾਅਦ ਮਾਨ ਯੋਗ ਜੱਜ ਨੇ ਕੇਸ ਦਾ ਯੋਗਤਾ ਦੇ ਹਿਸਾਬ ਨਾਲ ਫੈਸਲਾ ਕਰਨ ਲਈ ਦੋ ਜੱਜਾਂ ਉੱਪਰ ਨਿਰਭਰ ਬੈਂਚ ਦੇ ਹਵਾਲੇ ਕਰਨ ਦੀ ਹਦਾਇਤ ਕੀਤੀ। ਦੋਵੇਂ ਮਾਨਯੋਗ ਜੱਜਾਂ ਨੇ ਇਹ ਫੈਸਲਾ ਕਰਨਾ ਸੀ ਕਿ ਕੀ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਹਨ? ਇਹ ਮਾਮਲਾ ਮੁੜ ਪਹਿਲੇ ਮਾਨਯੋਗ ਜੱਜਾਂ ਜਸਟਿਸ ਟਿਵਾਣਾ ਅਤੇ ਜਸਟਿਸ ਪੁੰਛੀ ਦੇ ਡਿਵੀਜ਼ਨ ਬੈਂਚ ਪਾਸ ਚਲਾ ਗਿਆ। ਜਸਟਿਸ ਟਿਵਾਣਾ ਨੇ ਕੇਸ ਦੀ ਯੋਗਤਾ ਬਾਰੇ ਫੈਸਲਾ ਦਿੰਦਿਆਂ ਕਿਹਾ ਕਿ ਮਾਲ ਮਹਿਕਮੇ ਦੇ ਰਿਕਾਰਡ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਨਾਮ ਇੰਤਕਾਲ ਠੀਕ ਹੋਇਆ ਹੈ ਅਤੇ ਮੁਦਾਲਿਆਂ ਦਾ ਇਸ ਜਾਇਦਾਦ ਉੱਤੇ ਕੋਈ ਹੱਕ ਨਹੀਂ। ਪ੍ਰੰਤੂ ਜਸਟਿਸ ਪੁੰਛੀ ਨੇ ਇਸ ਤੋਂ ਉਲਟ ਫੈਸਲਾ ਦਿੰਦੇ ਕਿਹਾ ਕਿ ਇੰਤਕਾਲ ਗਲਤ ਸੀ ਅਤੇ ਇਹ ਜਾਇਦਾਦ ਮੁਦਾਲਿਆਂ ਦੀ ਜਾਤੀ ਜਾਇਦਾਦ ਸੀ। ਉਪਰੰਤ ਇਹ ਮਾਮਲਾ ਤੀਜੇ ਜੱਜ ਜਸਟਿਸ. ਜੇ. ਬੀ. ਗੁਪਤਾ ਦੀ ਅਦਾਲਤ ਵਿੱਚ ਪੇਸ਼ ਹੋਇਆ। ਜਿਸ ਨੇ ਜਸਟਿਸ ਪੁੰਛੀ ਦਾ ਦ੍ਰਿਸ਼ਟੀਕੋਣ ਨਾਲ ਸਹਿਮਤੀ ਪ੍ਰਗਟ ਕੀਤੀ। ਉਪਰੋਕਤ ਫੈਸਲੇ ਅਨੁਸਾਰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਗੁਰੂ ਗ੍ਰੰਥ ਸਾਹਿਬ ਨੂੰ ਨਾ ਹੀ ਨਿਆਂਇਕ ਵਿਅਕਤੀ ਮੰਨਿਆ ਅਤੇ ਨਾ ਹੀ ਗੁਰੂ ਗ੍ਰੰਥ ਸਾਹਿਬ ਦੇ ਨਾਮ ਇੰਤਕਾਲ ਨੂੰ ਜਾਇਜ਼ ਕਰਾਰ ਦਿੱਤਾ।

ਸੁਪਰੀਮ ਕੋਰਟ ਦੇ ਮਾਨਯੋਗ ਜੱਜਾਂ ਨੇ ਨਿਆਂ ਸ਼ਾਸਤਰ ਦਾ, ਇਤਿਹਾਸ ਬਿਆਨ ਕਰਦੇ ਹੋਏ ਵੱਖੋ-ਵੱਖ ਹਾਈ ਕੋਰਟਾਂ ਅਤੇ ਸੁਪਰੀਮ ਕੋਰਟ ਵਲੋਂ ਕੀਤੇ ਫੈਸਲਿਆਂ ਦਾ ਹਵਾਲਾ ਦਿੰਦੇ ਹੋਏ ਫੈਸਲਾ ਦਿੱਤਾ ਕਿ ਹਾਈ ਕੋਰਟ ਨੇ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਕਰਾਰ ਨਾ ਦੇ ਕੇ ਕਾਨੂੰਨ ਅਨੁਸਾਰ ਬਹੁਤ ਗੰਭੀਰ ਗਲਤੀ ਕੀਤੀ ਹੈ ਅਤੇ ਗੁਰਦੁਆਰਾ ਅਤੇ ਇਸ ਦੀ ਜਾਇਦਾਦ ਉੱਤੇ ਸ਼੍ਰੋਮਣੀ ਕਮੇਟੀ ਦਾ ਹੱਕ ਜਤਲਾਉਂਦੇ ਹੋਏ ਹਾਈ ਕੋਰਟ ਦੇ ਮਿਤੀ 13-4-1985 ਦੇ ਫੈਸਲੇ ਨੂੰ ਰੱਦ ਕਰ ਦਿੱਤਾ ਅਤੇ ਸਿੱਖ ਗੁਰਦੁਆਰਾ ਟ੍ਰਿਬਿਊਨਲ ਦੇ ਹੁਕਮਾਂ ਨੂੰ ਜਾਇਜ਼ ਕਰਾਰ ਦਿੱਤਾ।

ਸੁਪਰੀਮ ਕੋਰਟ ਨੇ ਆਦਿ ਗੁਰੂ ਗ੍ਰੰਥ ਸਾਹਿਬ ਨੂੰ (ਨਿਆਂਇਕ ਵਿਅਕਤੀ) ਕਰਾਰ ਦੇਣ ਸਮੇਂ ਸਿੱਖਾਂ ਦਾ ਹਾਜ਼ਰਾ-ਹਜ਼ੂਰ ਗੁਰੂ ਪ੍ਰਵਾਨ ਕਰਦੇ ਹੋਏ ਵੱਲੋਂ ਪ੍ਰੀਤਮ ਦਾਸ ਮਹੰਤ ਬਨਾਮ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 1984 (2) ਸੁਪਰੀਮ ਕੋਰਟ ਕੇਸਿਜ਼ 600, ਸਿੱਖ ਗੁਰਦੁਆਰਾ ਐਕਟ, 1925 ਤਹਿਤ ਕੇਸ ਦਾ ਹਵਾਲਾ ਦਿੰਦੇ ਕਿਹਾ ਕਿ

ਗੁਰਦੁਆਰੇ ਵਿੱਚ ਕੇਂਦਰੀ ਵਿਅਕਤੀ ਗੁਰੂ ਗ੍ਰੰਥ ਸਾਹਿਬ ਹਨ ਅਤੇ ਹੇਠ ਲਿਖੇ ਅਨੁਸਾਰ ਨਿਰਣਾ ਕੀਤਾ। "ਉਕਤ ਵਿਚਾਰ-ਵਟਾਂਦਰੇ ਤੋਂ ਇਹ ਸਿੱਧ ਹੋ ਜਾਂਦਾ ਹੈ ਕਿ ਗੁਰਦੁਆਰਾ ਉਹ ਸੰਸਥਾ ਨੂੰ ਮੰਨਿਆਂ ਜਾਂਦਾ ਹੈ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ ਸੰਗਤ ਪੂਜਾ ਪਾਠ ਕਰਦੀ ਅਤੇ ਨਿਸ਼ਾਨ ਸਾਹਿਬ ਲਹਿਰਾਉਂਦਾ ਹੈ। ਗੁਰਦੁਆਰੇ ਸਾਹਿਬ ਵਿੱਚ ਭਾਂਵੇ ਹੋਰ ਮਕਸਦਾਂ ਲਈ ਕਮਰੇ ਵੀ ਹੋਣ ਪ੍ਰੰਤੂ ਗੁਰੂ ਗ੍ਰੰਥ ਸਾਹਿਬ ਦੀ ਹੋਂਦ, ਸੰਗਤ ਦਾ ਜੁੜਨਾ ਅਤੇ ਨਿਸ਼ਾਨ ਸਾਹਿਬ ਦਾ ਲਹਿਰਾਉਣਾ ਗੁਰਦੁਆਰਾ ਹੋਣ ਦੇ ਅਹਿਮ ਆਧਾਰ ਹਨ।"

ਦਸ ਸਿੱਖ ਗੁਰੂਆਂ ਦੇ ਇਤਿਹਾਸ ਦਾ ਵਰਣਨ ਕਰਦੇ ਹੋਏ ਮਾਨਯੋਗ ਜੱਜਾਂ ਨੇ ਲਿਖਿਆ ਕਿ ਸਿੱਖਾਂ ਦੇ 10 ਗੁਰੂ ਸਾਹਿਬਾਨ ਹੋਏ ਅਤੇ ਗੁਰੂ ਨਾਨਕ ਦੇਵ ਜੀ ਦੀ ਸਿੱਖਿਆ ਅਤੇ ਬਾਣੀ ਉਨ੍ਹਾਂ ਦਾ ਆਧਾਰ ਸੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਣ ਦਾ ਆਦੇਸ਼ ਦਿੱਤਾ। ਜਿਸ ਕਰਕੇ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤੀ। ਇਹ ਸਿੱਖਾਂ ਦੀ ਬਾਈਬਲ ਹੈ। ਆਪਣੇ ਪੈਰੋਕਾਰਾਂ ਲਈ ਪੂਜਾ ਪਾਠ ਲਈ ਕੇਂਦਰੀ ਅਸਥਾਨ, ਹਰਿਮੰਦਰ ਸਥਾਪਤ ਕਰਨ ਤੋਂ ਬਾਅਦ ਉਹ ਉੱਥੇ ਇਸ ਪਵਿੱਤਰ ਗ੍ਰੰਥ ਨੂੰ ਸਥਾਪਤ ਕਰਨਾ ਚਾਹੁੰਦੇ ਸਨ। ਸੋ ਉਨ੍ਹਾਂ ਚਾਰੇ ਸਿੱਖ ਗੁਰੂਆਂ ਅਤੇ ਭਗਤਾਂ ਦੀ ਬਾਣੀ ਇਕੱਠੀ ਕਰਕੇ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕੀਤਾ। ਹੁਣ ਉਹ ਗੁਰੂ ਗ੍ਰੰਥ ਸਾਹਿਬ ਸਿੱਖਾਂ ਦੇ ਜਾਹਰਾ-ਜ਼ਹੂਰ, ਹਾਜ਼ਰਾ-ਹਜ਼ੂਰ ਗੁਰੂ ਹਨ। ਗੁਰੂ ਗ੍ਰੰਥ ਸਾਹਿਬ ਪੀੜਤ ਮਨੁੱਖਤਾ ਨੂੰ ਰੋਸ਼ਨੀ ਦਿੰਦੇ ਅਤੇ ਰਸਤਾ ਦਿਖਾਉਂਦੇ ਹਨ। ਸਿੱਖ ਮੱਤ ਵਿੱਚ ਵਿਸ਼ਵਾਸ਼ ਰੱਖਣ ਵਾਲਾ ਵਿਅਕਤੀ ਜਦ ਮੁਸੀਬਤ ਵਿੱਚ ਅਤੇ ਘਬਰਾਹਟ ਵਿੱਚ ਹੁੰਦਾ ਹੈ ਤਦ ਉਹ ਗੁਰੂ ਗ੍ਰੰਥ ਸਾਹਿਬ ਵਿੱਚੋਂ ਸ਼ਬਦ ਪੜ੍ਹਦਾ ਹੈ।

ਜਦ ਗੁਰੂ ਗੋਬਿੰਦ ਸਿੰਘ ਜੀ ਦਾ ਇਸ ਸੰਸਾਰ ਤੋਂ ਵਿਦਾ ਹੋਣ ਦਾ ਸਮਾਂ ਆਇਆ ਤਦ ਉਨ੍ਹਾਂ ਆਪਣੇ ਪੈਰੋਕਾਰਾਂ ਨੂੰ ਇਸ ਤੱਥ ਤੋਂ ਜਾਣੂ ਕਰਾਇਆ। ਪੈਰੋਕਾਰਾਂ ਨੇ ਪੁੱਛਿਆ ਕਿ ਭਵਿੱਖ ਵਿੱਚ ਉਨ੍ਹਾਂ ਦਾ ਗੁਰੂ ਕੌਣ ਹੋਵੇਗਾ। ਗੁਰੂ ਜੀ ਨੇ ਫੌਰਨ 5 ਪਤਾਸੇ ਅਤੇ ਇੱਕ ਨਾਰੀਅਲ ਗੁਰੂ ਗ੍ਰੰਥ ਸਾਹਿਬ ਅੱਗੇ ਰੱਖ ਕੇ ਮੱਥਾ ਟੇਕਿਆ ਅਤੇ ਇੰਝ ਕਿਹਾ ਅਕਾਲ ਪੁਰਖ ਦੀ ਇੱਛਾ ਅਨੁਸਾਰ ਇਹ ਪੰਥ ਕਾਇਮ ਕੀਤਾ ਗਿਆ ਹੈ। ਅੱਗੋ ਲਈ :

*ਸਭ ਸਿਖਨ ਕੋ ਹੁਕਮ ਹੈ ਗੁਰੂ ਮਾਨਿਉ ਗ੍ਰੰਥ॥*

ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ਵਾਸ਼ ਰੱਖੋ ਉਹ ਤੁਹਾਡੇ ਗੁਰੂ ਹਨ ਅਤੇ ਉਨਾਂ ਦੀ ਸਿੱਖਿਆ ਉੱਤੇ ਵਿਸ਼ਵਾਸ਼ ਰੱਖੋਗੇ ਤਾਂ ਤੁਹਾਨੂੰ ਪ੍ਰਤੱਖ ਗੁਰੂ ਨਜ਼ਰ ਆਉਣਗੇ। ਜਿਸਦਾ ਹਿਰਦਾ ਸ਼ੁੱਧ ਹੋਵੇਗਾ ਉਸ ਨੂੰ ਗੁਰੂ ਗ੍ਰੰਥ ਸਾਹਿਬ ਭਾਵ ਸ਼ਬਦ ਗੁਰੂ ਤੋਂ ਸੇਧ ਪ੍ਰਾਪਤ ਹੋਵੇਗੀ।

ਗੁਰੂ ਜੀ ਨੇ ਵਾਰ-ਵਾਰ ਇਹ ਸ਼ਬਦ ਦੁਹਰਾਏ ਅਤੇ ਪੈਰੋਕਾਰਾਂ ਨੂੰ ਦੱਸਿਆ ਕਿ ਇਹ ਸੱਚ ਹੈ ਕਿ ਭਾਵੇਂ ਉਨ੍ਹਾਂ ਦੇ ਇਸ ਸੰਸਾਰ ਤੋਂ ਜਾਣ ਪਿੱਛੋਂ ਉਹ ਉਨ੍ਹਾਂ ਦੇ ਸ਼ਰੀਰਕ ਰੂਪ ਵਿੱਚ ਦਰਸ਼ਨ ਨਹੀਂ ਕਰ ਸਕਣਗੇ ਪ੍ਰੰਤੂ ਉਹ ਖਾਲਸੇ ਵਿੱਚ ਹਮੇਸ਼ਾਂ ਮੌਜੂਦ ਹੋਣਗੇ, ਜਦੋਂ ਕਦੇ ਵੀ ਸਿੱਖਾਂ ਨੂੰ ਅਗਵਾਈ ਅਤੇ ਮਸ਼ਵਰੇ ਦੀ ਲੋੜ ਹੋਵੇ ਉਹ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸਿਦਕ ਦਿਲੀ ਨਾਲ ਇਕੱਠੇ ਹੋ ਕੇ ਗੁਰੂ ਗ੍ਰੰਥ ਸਾਹਿਬ ਵਿੱਚੋ ਹੁਕਮਨਾਮਾ ਲੈ ਕੇ ਉਸ ਅਨੁਸਾਰ ਅਗਲੇ ਕਦਮ ਦਾ ਫੈਸਲਾ ਕਰਨ। ਗੁਰੂ ਗ੍ਰੰਥ ਸਾਹਿਬ ਵਿੱਚ ਅੰਕਤ ਬਾਣੀ ਸਦੀਵੀ ਹੈ ਅਤੇ ਸੰਸਾਰ ਨੂੰ ਸਹੀ ਰਸਤਾ ਅਤੇ ਰਹਿਨੁਮਾਈ ਬਖ਼ਸ਼ਦੀ ਰਹੇਗੀ।

ਮਾਨਯੋਗ ਜੱਜਾਂ ਨੇ ਇਸ ਸਵਾਲ ਵੱਲ ਆਉਂਦੇ ਹੋਏ ਕਿ ਕੀ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਜਾਂ ਦੂਜੇ ਮੱਤਾਂ ਦੀਆਂ ਧਾਰਮਿਕ ਪੁਸਤਕਾਂ ਦੇ ਬਰਾਬਰ ਦਰਜਾ ਦਿੱਤਾ ਜਾ ਸਕਦਾ ਹੈ। ਵਿਚਾਰ ਪ੍ਰਗਟ ਕੀਤਾ ਕਿ ਸਭ ਤੋਂ ਪਹਿਲਾਂ ਸਿੱਖ ਮੱਤ ਬਾਰੇ ਵਿਚਾਰ ਕਰਨੀ ਪਵੇਗੀ। ਸਿੱਖ ਮੱਤ ਵਿੱਚ ਗੁਰੂ ਗ੍ਰੰਥ ਸਾਹਿਬ ਨੂੰ ਸਭ ਤੋਂ ਉੱਤਮ ਦਰਜਾ ਦਿੱਤਾ ਗਿਆ ਹੈ। ਸਿੱਖਾਂ ਦੇ ਪਹਿਲੇ ਗੁਰੂ ਗੁਰੂ ਨਾਨਕ ਦੇਵ ਜੀ ਸਨ ਜਿਨ੍ਹਾਂ ਤੋਂ ਪਿੱਛੋਂ ਅਗਲੇ ਗੁਰੂ ਹੋਏ ਅਤੇ ਗੁਰੂ ਗੋਬਿੰਦ ਸਿੰਘ ਜੀ ਸਰੀਰਕ ਰੂਪ ਵਿੱਚ ਸਿੱਖਾਂ ਦੇ ਅੰਤਮ ਗੁਰੂ ਹੋਏ ਹਨ। ਦੱਸਿਆ ਜਾਂਦਾ ਹੈ ਕਿ ਆਦਿ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਪੰਜਵੇਂ ਗੁਰੂ ਅਰਜਨ ਦੇਵ ਜੀ ਨੇ ਕੀਤਾ ਹੈ ਜੋ ਸਭ ਗੁਰਦੁਆਰਿਆਂ ਵਿੱਚ ਸਥਾਪਤ ਹੈ ਗੁਰੂ ਗ੍ਰੰਥ ਸਾਹਿਬ ਦਾ ਪਾਠ ਹੋਣ ਸਮੇਂ ਸ਼ਰਧਾਲੂ ਹਾਜ਼ਰ ਹੋ ਕੇ ਗੋਡਿਆਂ ਭਾਰ ਹੋ ਕੇ ਮੱਥਾ ਟੇਕਦੇ ਹਨ ਅਤੇ ਤਿਲ-ਫੁਲ ਭੇਟਾ ਕਰਦੇ ਹਲ ਅਤੇ ਇੱਕ ਜਿੰਦਾ ਗੁਰੂ ਵਾਂਗ ਪ੍ਰਵਾਨ ਕਰਦੇ ਹਨ। ਸਿੱਖ ਮੱਤ ਦੇ ਪੈਰੋਕਾਰ ਗੁਰੂਆਂ ਦੀ ਬਾਣੀ ਨੂੰ ਪਵਿੱਤਰ ਸਮਝਦੇ ਹਨ। ਗੁਰੂ ਨਾਨਕ ਨੇ ਕਿਹਾ ਸੀ ਕਿ ਇਹ ਧੁਰਕੀ ਬਾਣੀ

ਹੈ ਜੋ ਤੁਹਾਡੀਆਂ ਸਾਰੀਆਂ ਚਿੰਤਾਵਾਂ ਦਾ ਹੱਲ ਕਰੇਗੀ। ਚੌਥੇ ਗੁਰੂ ਰਾਮਦਾਸ ਨੇ ਕਿਹਾ ਕਿ ਸੱਚੇ ਗੁਰੂ ਦੀ ਬਾਣੀ ਪੜ੍ਹੋ ਜਿਸ ਵਿੱਚੋਂ ਕਰਤਾ ਪੁਰਖ ਦੇ ਦਰਸ਼ਨ ਹੁੰਦੇ ਹਨ। ਜਦ ਗੁਰੂ ਅਰਜਨ ਦੇਵ ਜੀ ਨੇ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਹਰਿਮੰਦਰ ਸਾਹਿਬ ਵਿੱਚ ਸਥਾਪਤ ਕੀਤਾ ਤਦ ਉਨ੍ਹਾਂ ਹੁਕਮ ਕੀਤਾ ਕਿ ਗੁਰੂਆਂ ਵਾਂਗ ਹੀ ਇਸ ਗ੍ਰੰਥ ਦਾ ਵੀ ਸਤਿਕਾਰ ਕਰੋ। ਗੁਰੂ ਗੋਬਿੰਦ ਸਿੰਘ ਦੇ ਸਮੇਂ ਦੌਰਾਨ ਬਹੁਤ ਸਾਰੇ ਗੁਰਦੁਆਰਿਆਂ ਵਿੱਚ ਆਦਿ ਗ੍ਰੰਥ ਸਥਾਪਨ ਕਰ ਦਿੱਤਾ ਗਿਆ ਸੀ। ਨਤੀਜੇ ਵਜੋਂ ਜਦ ਉਨ੍ਹਾਂ ਕਿਹਾ ਕਿ ਅੱਗੋਂ ਲਈ ਸਿੱਖਾਂ ਦੇ ਗੁਰੂ ਗੁਰੂ ਗ੍ਰੰਥ ਸਾਹਿਬ ਹੋਣਗੇ ਅਤੇ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ। ਸਿੱਖ ਗੁਰੂ ਗ੍ਰੰਥ ਸਾਹਿਬ ਤੋਂ ਅਗਵਾਈ ਲੈਣ ਜੋ ਦਸੇ ਗੁਰੂ ਸਾਹਿਬਾਨ ਦਾ ਸਰੂਪ ਹਨ।

ਮਾਨਯੋਗ ਜੱਜਾਂ ਨੇ ਅੱਗੇ ਸੁੰਦਰ ਸ਼ਬਦਾਂ ਵਿੱਚ ਲਿਖਿਆ ਕਿ ਗੁਰਦੁਆਰਿਆਂ ਵਿੱਚ ਸਥਾਪਤ ਗ੍ਰੰਥ ਗੁਰੂ ਗ੍ਰੰਥ ਸਾਹਿਬ ਕੇਂਦਰੀ ਵਿਅਕਤੀ ਹਨ ਜੋ ਸੁੰਦਰ ਰੁਮਾਲਿਆਂ ਵਿੱਚ ਮੰਜੀ ਸਾਹਿਬ ਤੇ ਸੁਸ਼ੋਭਿਤ ਹੁੰਦੇ ਹਨ ਅਤੇ ਉਪਰ ਚਾਨਣੀ ਹੁੰਦੀ ਹੈ। ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਨ ਸਮੇਂ ਇੱਕ ਸ਼ਰਧਾਲੂ ਚੌਰ ਸਾਹਿਬ ਕਰਦਾ ਹੈ, ਸ਼ਰਧਾਲੂ ਗੋਡੇ ਭਾਰ ਹੋ ਕੇ ਨਮਸ਼ਕਾਰ ਕਰਦੇ ਹਨ ਅਤੇ ਤਿਲ ਫੁਲ ਭੇਟਾ ਕਰਦੇ ਹਨ। ਜਿਵੇਂ ਕਿ ਬਾਦਸ਼ਾਹ ਅੱਗੇ ਕੀਤਾ ਜਾਂਦਾ ਹੈ। ਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਉਸੇ ਤਰ੍ਹਾਂ ਸੱਚਾ ਪਾਤਸ਼ਾਹ ਮੰਨਦੇ ਹਨ ਜਿਵੇਂ ਪਹਿਲੇ ਗੁਰੂਆਂ ਨੂੰ ਮੰਨਿਆਂ ਜਾਂਦਾ ਰਿਹਾ ਹੈ।

ਦੋਵੇਂ ਮਾਨਯੋਗ ਜੱਜਾਂ ਨੇ ਮੂਲ ਮੰਤਰ '੧ੴ ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂੰਨੀ ਸੈਭੰ ਗੁਰਪ੍ਰਸਾਦਿ॥' ਦਾ ਅੰਗਰੇਜ਼ੀ ਵਿੱਚ ਉਲਥਾ ਕਰਦਿਆਂ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਵਿੱਚ ਮੂਲ ਮੰਤਰ ਪਹਿਲਾ ਪਾਠ ਹੈ।

ਜੱਜ ਸਾਹਿਬ ਨੇ ਅੱਗੇ ਚਲ ਕੇ ਲਿਖਿਆ ਕਿ ਸਿੱਖਾਂ ਦੇ ਅੰਤਲੇ ਗੁਰੂ ਗੋਬਿੰਦ ਸਿੰਘ ਨੇ ਸਪੱਸ਼ਟ ਲਫ਼ਜ਼ਾਂ ਵਿੱਚ ਕਿਹਾ ਕਿ ਭਵਿੱਖ ਵਿੱਚ ਸਿੱਖਾਂ ਦਾ ਕੋਈ ਦੇਹਧਾਰੀ ਗੁਰੂ ਨਹੀਂ ਹੋਵੇਗਾ, ਕੇਵਲ ਗੁਰੂ ਗ੍ਰੰਥ ਸਾਹਿਬ ਹੀ ਗੁਰੂ ਹੋਣਗੇ। ਜਿਨ੍ਹਾਂ ਪਾਸੋਂ ਸਿੱਖ ਅਗਵਾਈ ਲੈ ਸਕਣਗੇ। ਇਸੇ ਵਿਸ਼ਵਾਸ਼ ਵਲ ਗੁਰੂ ਗ੍ਰੰਥ ਸਾਹਿਬ ਨੂੰ ਜਿੰਦਾਂ ਗੁਰੂ ਵਜੋਂ ਪੂਜਿਆ ਅਤੇ ਪ੍ਰਵਾਨ ਕੀਤਾ ਜਾਂਦਾ ਹੈ। ਇਸੇ ਭਰੋਸੇ ਅਤੇ ਵਿਸ਼ਵਾਸ਼ ਨਾਲ ਜਦ ਗੁਰੂ ਗ੍ਰੰਥ ਸਾਹਿਬ ਜੀ ਗੁਰਦੁਆਰੇ ਵਿੱਚ ਸਥਾਪਤ ਕਰ ਦਿੱਤੇ ਜਾਂਦੇ ਹਨ ਤਦ ਉਹ ਥਾਂ ਪੂਜਣਯੋਗ ਬਣ ਜਾਂਦੀ ਹੈ। ਗੁਰਦੁਆਰਾ ਪਵਿੱਤਰ ਹੈ ਕਿਉਂਕਿ ਉਸ ਵਿੱਚ ਗੁਰੂ ਗ੍ਰੰਥ ਸਾਹਿਬ ਸਥਾਪਤ ਹਨ। ਗੁਰੂ ਗ੍ਰੰਥ ਸਾਹਿਬ ਨੂੰ ਇਸੇ ਸ਼ਰਧਾ ਨਾਲ ਮੰਨਣ ਕਰਕੇ ਸ਼ਰਧਾਲੂ ਮਾਇਆ ਅਰਪਨ ਕਰਦੇ ਹਨ। ਇਸ ਦਾ ਇਹ ਭਾਵ ਨਹੀਂ ਕਿ ਗੁਰੂ ਗ੍ਰੰਥ ਸਾਹਿਬ ਨੂੰ ਮਾਇਆ ਦੀ ਲੋੜ ਹੈ ਇਹ ਇਸ ਕਰਕੇ ਕਿ ਇਸ ਨਾਲ ਸਿੱਖ ਮੱਤ ਦੀ ਬੜਹੋਤਰੀ ਹੁੰਦੀ ਹੈ ਅਤੇ ਗੁਰੂ ਦਾ ਲੰਗਰ ਚੱਲਦਾ ਹੈ ਜੋ ਗੁਰਦੁਆਰੇ ਦਾ ਅਹਿਮ ਅੰਗ ਹੈ।

ਜੱਜ ਸਾਹਿਬਾਨ ਨੇ ਹੋਰ ਲਿਖਿਆ ਕਿ ਉਪਰ ਬਿਆਨ ਕੀਤੇ ਤੱਥਾਂ ਦੇ ਆਧਾਰ ਤੇ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਮੰਨਣ ਵਿੱਚ ਉਨ੍ਹਾਂ ਨੂੰ ਕੋਈ ਝਿਜਕ ਨਹੀਂ। ਗੁਰੂ ਗ੍ਰੰਥ ਸਾਹਿਬ ਨੂੰ 'ਬੁੱਤ' ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਸਿੱਖ ਮੱਤ ਵਿੱਚ ਬੁੱਤ ਪੂਜਣ ਦੀ ਮਨਾਹੀ ਹੈ, ਸੰਕਲਪ ਅਤੇ ਧਾਰਨਾ ਕਰਕੇ ਦੋਵੇਂ ਮੱਤ ਵੱਖੋ-ਵੱਖ ਹਨ। ਪ੍ਰੰਤੂ ਦੋਵਾਂ ਨੂੰ 'ਨਿਆਂਇਕ ਵਿਅਕਤੀ' ਕਰਾਰ ਦਿੱਤਾ ਜਾਂਦਾ ਹੈ ਤਦ ਦੋਵਾਂ ਮੱਤਾਂ ਦੇ ਸ਼ਰਧਾਲੂ ਉਨ੍ਹਾਂ ਪ੍ਰਤੀ ਪੂਰੀ ਸ਼ਰਧਾ ਪ੍ਰਗਟ ਕਰਦੇ ਹਨ। ਇਸੇ ਕਰਕੇ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਪ੍ਰਵਾਨ ਕੀਤੇ ਜਾਣ ਲਈ ਸਾਰੇ ਗੁਣ ਮੌਜੂਦ ਹਨ। ਜੇਕਰ ਨਾ ਮੰਨੀਏ ਤਾਂ 'ਨਿਆਂਇਕ ਵਿਅਕਤੀ' ਦੇ ਅਰਥ ਸੀਮਤ ਹੋ ਜਾਂਦੇ ਹਨ ਅਤੇ ਤਦ ਨਿਆਂ ਸ਼ਾਸਤਰ ਨੂੰ ਖੁਰਚਣਾ ਹੈ ਜਿੱਥੋਂ ਇਸ ਦਾ ਜਨਮ ਹੋਇਆ ਹੈ।

ਉਪਰੋਕਤ ਦੋਵੇਂ ਜੱਜ ਸਾਹਿਬਾਨਾਂ ਨੇ ਪੰਜਾਬ, ਹਾਈ ਕੋਰਟ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਨਾ ਮੰਨਣ ਦੀ ਪੂਰੀ ਚੀਰ ਫਾੜ ਕੀਤੀ ਅਤੇ ਨਿਆਂ ਸ਼ਾਸਤਰ ਦੇ ਅਤੇ ਸੁਪਰੀਮ ਕੋਰਟ ਦੇ ਫੈਸਲਿਆਂ ਦੇ ਹਵਾਲੇ ਦੇ ਕੇ ਸਿੱਧ ਕੀਤਾ। ਮਾਨਯੋਗ ਜੱਜਾਂ ਵੱਲੋਂ ਅੰਗਰੇਜ਼ੀ ਵਿੱਚ ਲਿਖਿਆ ਇਹ ਫੈਸਲਾ ਬਹੁਤ ਹੀ ਟੁੰਭਣ ਵਾਲਾ ਅਤੇ ਪੜ੍ਹਣ ਯੋਗ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਜੋ ਸ਼ਰਧਾ ਵਿਖਾਈ ਗਈ ਹੈ ਉਹ ਬਹੁਤ ਹੀ ਘੱਟ ਵਿਦਵਾਨਾਂ ਵੱਲੋਂ ਵਿਖਾਈ ਗਈ ਹੋਵੇਗੀ।

ਮੁਦਾਲਿਆਂ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਈਸਾਈਆਂ ਦੀ ਬਾਈਬਲ, ਹਿੰਦੂਆਂ ਦੀ ਭਗਵਤ ਗੀਤਾ ਅਤੇ

ਰਮਾਇਣ ਅਤੇ ਮੁਸਲਮਾਨਾਂ ਦੀ ਕੁਰਾਨ ਸ਼ਰੀਫ ਵਾਂਗ ਇੱਕ ਪਵਿੱਤਰ ਗ੍ਰੰਥ ਮੰਨ ਲੈਣ ਦਾ ਢੁਕਵਾਂ ਜਵਾਬ ਦਿੰਦੇ ਹੋਏ ਦੋਵੇਂ ਜੱਜ ਸਾਹਿਬਾਨ ਨੇ ਲਿਖਿਆ ਹੈ ਕਿ ਇਹ ਠੀਕ ਹੈ ਕਿ ਗੁਰੂ ਗ੍ਰੰਥ ਸਾਹਿਬ ਹੋਰਾਂ ਗ੍ਰੰਥਾਂ ਵਾਂਗ ਇੱਕ ਪਵਿੱਤਰ ਗ੍ਰੰਥ ਹਨ। ਪ੍ਰੰਤੂ ਉਨ੍ਹਾਂ ਗ੍ਰੰਥਾਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਨਹੀਂ ਰੱਖਿਆ ਜਾ ਸਕਦਾ ਕਿਉਂਕਿ ਗੁਰਦੁਆਰੇ ਵਿੱਚ ਗੁਰੂ ਗ੍ਰੰਥ ਸਾਹਿਬ ਦੀ ਇੱਕ ਗੁਰੂ ਵਜੋਂ ਪੂਜਾ ਕੀਤੀ ਜਾਂਦੀ ਹੈ। ਜੋ ਵੱਖਰੀ ਸੋਝੀ ਬਖਸ਼ਦੇ ਹਨ। ਇਹ ਗੁਰਦੁਆਰੇ ਦਾ ਦਿਲ ਅਤੇ ਰੂਹ ਹਨ। ਇੱਕ ਪਾਸੇ ਗੁਰੂ ਗ੍ਰੰਥ ਸਾਹਿਬ ਦੀ ਸਤਿਕਾਰਤਾ ਅਤੇ ਸਨਮਾਨਤਾ ਅਤੇ ਦੂਜੇ ਪਾਸੇ ਦੂਜੇ ਧਾਰਮਿਕ ਗ੍ਰੰਥਾਂ ਦਾ ਆਧਾਰ ਬਿਲਕੁਲ ਵੱਖਰੀ ਧਾਰਨਾ, ਵਿਸ਼ਵਾਸ਼, ਭਰੋਸਾ ਅਤੇ ਪ੍ਰਸੰਗਤਾ ਹਨ।

ਪੰਜਾਬ ਹਾਈ ਕੋਰਟ ਦੇ ਜੱਜਾਂ ਵੱਲੋਂ ਉਠਾਏ ਇਸ ਇਤਰਾਜ਼ ਕਿ ਸਿੱਖ ਮੱਤ ਵਿੱਚ ਬੁੱਤ ਪੂਜਾ ਪ੍ਰਵਾਨ ਨਹੀਂ ਇਸ ਲਈ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਨਹੀਂ ਹੋ ਸਕਦਾ ਦਾ ਜਵਾਬ ਦਿੰਦੇ ਸੁਪਰੀਮ ਕੋਰਟ ਦੇ ਮਾਨਯੋਗ ਜੱਜਾਂ ਨੇ ਕਿਹਾ ਕਿ ਇਹ ਠੀਕ ਹੈ ਕਿ ਸਿੱਖ ਮੱਤ ਬੁੱਤ ਪੂਜਾ ਪ੍ਰਵਾਨ ਨਹੀਂ ਕਰਦਾ ਪਰ ਸਿੱਖਾਂ ਦੇ ਦਸਵੇਂ ਗੁਰੂ ਨੇ ਇਹ ਫੁਰਮਾਨ ਜਾਰੀ ਕੀਤਾ ਸੀ ਕਿ ਉਹਨਾਂ ਤੋਂ ਪਿੱਛੋਂ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਹੋਣਗੇ ਇਸ ਨੂੰ ਬੁੱਤ ਪੂਜਾ ਨਹੀਂ ਕਿਹਾ ਜਾ ਸਕਦਾ। ਅੱਗੋਂ ਲਈ ਦਸਵੇਂ ਗੁਰੂ ਪਿੱਛੋਂ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਹੋਣਗੇ। ਉੱਪਰ ਦਿੱਤੀਆ ਦਲੀਲਾਂ ਦੇ ਆਧਾਰ ਤੇ ਹਾਈ ਕੋਰਟ ਦੇ ਫੈਸਲੇ ਵਿੱਚ ਕੋਈ ਦਮ ਨਹੀਂ ਕਿ ਗੁਰੂ ਗ੍ਰੰਥ ਸਾਹਿਬ 'ਨਿਆਂਇਕ ਵਿਅਕਤੀ' ਨਹੀਂ। ਤੱਥਾਂ ਅਤੇ ਕਾਨੂੰਨ ਦੇ ਆਧਾਰ ਤੇ ਹਾਈ ਕੋਰਟ ਦਾ ਫੈਸਲਾ ਮੰਨਣ ਯੋਗ ਨਹੀਂ।

ਅਸੀਂ ਬਿਨਾਂ ਝਿਜਕ ਗੁਰੂ ਗ੍ਰੰਥ ਸਾਹਿਬ ਨੂੰ 'ਨਿਆਂਇਕ ਵਿਅਕਤੀ' ਪ੍ਰਵਾਨ ਕਰਦੇ ਹਾਂ।

ਸੁਪਰੀਮ ਕੋਰਟ ਦੇ ਇਸ ਫੈਸਲੇ ਦੇ ਦੂਰਦਰਸ਼ੀ ਨਤੀਜੇ ਨਿਕਲਣੇ। ਰਾਜਸਥਾਨ ਦੇ ਜ਼ਿਲਾ ਗੰਗਾ ਨਗਰ ਦੇ ਗੁਰਦੁਆਰਿਆਂ ਦੀਆਂ ਜਾਇਦਾਦਾਂ ਤੇ ਇਸ ਦਾ ਅਸਰ ਪਵੇਗਾ। ਬੀਕਾਨੇਰ ਦੇ ਮਹਾਰਾਜ ਗੰਗਾਂ ਸਿੰਘ ਨੇ 1927 ਈ. ਵਿੱਚ ਬੀਕਾਨੇਰ ਨਹਿਰ ਕੱਢਣ ਸਮੇਂ ਜਿਲ੍ਹਾ ਗੰਗਾ ਨਗਰ ਵਿੱਚ 12000 ਪਿੰਡ ਆਬਾਦ ਕੀਤੇ ਸਨ ਅਤੇ ਹਰ ਪਿੰਡ ਦੇ ਗੁਰਦੁਆਰੇ ਨੂੰ 5 ਏਕੜ ਜ਼ਮੀਨ ਦਾਨ ਵਜੋਂ ਦਿੱਤੀ ਸੀ। ਉਪਰੰਤ ਕਈ ਪਿੰਡਾਂ ਦੇ ਗੁਰਦੁਆਰਿਆਂ ਦੀ ਜ਼ਮੀਨ ਦੀ ਮਾਲਕੀ ਸੇਵਾਦਾਰਾਂ ਦੇ ਨਾਮ ਤਬਦੀਲ ਹੋ ਗਈ ਅਤੇ ਰਾਜਸਥਾਨ ਸਰਕਾਰ ਨੇ ਆਰਜ਼ੀ ਅਲਾਟਮੈਂਟ 1955 ਨੂੰ ਆਧਾਰ ਬਣਾ ਕੇ ਇਹ ਜ਼ਮੀਨ ਕੇਵਲ ਬੇ-ਜ਼ਮੀਨੇ ਵਿਅਕਤੀਆਂ ਨੂੰ ਅਲਾਟ ਕੀਤੀ ਜਾਂਦੀ ਹੈ। ਬੀਕਾਨੇਰ ਜਿਲ੍ਹਾ ਦੇ ਜਿਹੜੇ ਗੁਰਦੁਆਰਿਆਂ ਦੀ ਜ਼ਮੀਨ ਸੇਵਾਦਾਰਾਂ ਅਤੇ ਹੋਰ ਵਿਅਕਤੀਆਂ ਦੇ ਨਾਮ ਤਬਦੀਲ ਹੋ ਗਈ ਹੈ ਗੁਰਦੁਆਰਾ ਕਮੇਟੀਆਂ ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਲਾਭ ਉਠਾ ਸਕਦੀਆਂ ਹਨ। ਇਹ ਗੱਲ ਇੱਥੇ ਦੱਸਣ ਯੋਗ ਹੈ ਕਿ ਬੀਕਾਨੇਰ ਰਿਆਸਤ ਅਤੇ ਸਿੱਖਾਂ ਵਿਚਕਾਰ ਸਦੀਆ ਪੁਰਾਣਾ ਰਿਸ਼ਤਾ ਹੈ। ਮਹਾਰਾਜਾ ਗੰਗਾ ਸਿੰਘ ਅਤੇ ਉਸ ਦੇ ਪਰਿਵਾਰ ਨੇ ਬੀਕਾਨੇਰ ਵਿੱਚ ਰਹਿਣ ਵਾਲੇ ਸਿੱਖਾਂ ਲਈ ਜੋ ਕੁਝ ਕੀਤਾ ਹੈ ਉਹ ਹੋਰ ਕੋਈ ਨਹੀਂ ਕਰ ਸਕਦਾ। ਜੋਧਪੁਰ ਦੇ ਰਾਜਾ ਜੋਧਾ ਸਿੰਘ ਜੀ ਦੇ ਪੁੱਤਰ ਰਾਉ ਬੀਕਾ ਨੇ 13 ਅਪ੍ਰੈਲ 1488 ਈ. ਨੂੰ ਆਪਣੇ ਨਾ ਉੱਪਰ ਬੀਕਾਨੇਰ ਸ਼ਹਿਰ ਵਸਾਇਆ ਸੀ। ਸੰਨ 1707 ਈ. ਵਿੱਚ ਜੋਧਪੁਰ ਦੇ ਰਾਜਾ ਅਜੀਤ ਸਿੰਘ, 1743 ਈ. ਵਿੱਚ ਜੋਧਪੁਰ ਦੇ ਰਾਜਾ ਬਖਤਰ ਸਿੰਘ, 1739 ਈ. ਵਿੱਚ ਜੋਧਪੁਰ ਦੇ ਰਾਜਾ ਅਭੈ ਸਿੰਘ ਅਤੇ 1747 ਈ. ਵਿੱਚ ਜੋਧਪੁਰ ਦੇ ਰਾਜ ਅਮਰ ਸਿੰਘ ਨੇ ਬੀਕਾਨੇਰ ਰਿਆਸਤ ਉੱਪਰ ਹਮਲੇ ਕੀਤੇ। ਬੀਕਾਨੇਰ ਰਿਆਸਤ ਦੇ ਰਾਜੇ ਆਪਣੇ ਬਚਾਓ ਲਈ ਪੰਜਾਬ ਦੇ ਸਿੱਖਾਂ ਨੂੰ ਬੁਲਾ ਕੇ ਉਨ੍ਹਾਂ ਦੀ ਸਹਾਇਤਾ ਲੈਂਦੇ ਰਹੇ। ਉਸ ਸਮੇਂ ਪੰਜਾਬ ਵਿੱਚ ਮੁਗਲੀਆ ਹਕੂਮਤ ਦਾ ਜ਼ੋਰ ਸੀ ਅਤੇ ਸਿੱਖਾਂ ਨੂੰ ਬਾਹਰ ਜਾ ਕੇ ਆਪਣੇ ਠਿਕਾਣੇ ਬਣਾਉਣ ਦੀ ਲੋੜ ਸੀ। ਬੀਕਾਨੇਰ ਦੇ ਰਾਜੇ ਨੇ ਉਸ ਵੇਲੇ ਬੁੱਢਾ ਦਲ ਦੇ ਸਿੰਘਾਂ ਨੂੰ ਸੈਂਕੜੇ ਮੁਰੱਬਿਆਂ ਦਾ ਤਾਮਿਰ ਪੱਤਰ ਲਿਖ ਕੇ ਦਿੱਤਾ। ਬੁੱਢਾ ਦਲ ਦੇ ਸਿੰਘ ਬੁੱਢਾ ਜੋਹੜ ਵਿੱਚ ਰਹਿੰਦੇ ਸਨ। ਜਿੱਥੋਂ ਜਾ ਕੇ ਹੀ ਭਾਈ ਸੁੱਖਾ ਸਿੰਘ ਅਤੇ ਭਾਈ ਮਹਿਤਾਬ ਸਿੰਘ ਨੇ ਦਰਬਾਰ ਸਾਹਿਬ ਵਿੱਚ ਜਾ ਕੇ ਮੱਸਾ ਰੰਗੜ ਦਾ ਸਿਰ ਵੱਢ ਕੇ ਲਿਆਂਦਾ ਸੀ।

ਸੁਪਰੀਮ ਕੋਰਟ ਦੇ ਇਸ ਫੈਸਲੇ ਦਾ ਰਾਧਾ ਸੁਆਮੀ ਸਤਿਸੰਗ ਡੇਰਾ ਬਿਆਸ ਉੱਤੇ ਵੀ ਅਸਰ ਪੈ ਸਕਦਾ ਹੈ। ਅੰਗਰੇਜ਼ੀ ਅਖਬਾਰ 'ਦੀ ਹਿੰਦੁਸਤਾਨ ਟਾਈਮਜ਼' ਅਤੇ ਕੁਝ ਸਿੱਖ ਇਤਿਹਾਸਕਾਰਾਂ ਅਨੁਸਾਰ ਰਾਧਾ ਸੁਆਮੀ ਡੇਰੇ ਦੀ 11 ਕਨਾਲ 16 ਮਰਲੇ ਜ਼ਮੀਨ ਬਲਸਰਣ ਪਿੰਡ ਦੇ ਸਿੱਖਾਂ ਵੱਲੋਂ ਸਾਂਝੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਦੇ ਨਾਮ ਧਰਮਸ਼ਾਲਾ ਬਣਾਉਣ ਲਈ ਬਾਬਾ ਜੈਮਲ ਸਿੰਘ ਨੂੰ ਦਿੱਤੀ ਸੀ। ਮਾਲ ਮਹਿਕਮੇ ਦਾ ਰਿਕਾਰਡ ਦੱਸਦਾ ਹੈ ਕਿ ਇਹ ਜ਼ਮੀਨ

ਲੈਂਡ ਰਜਿਸਟਰੀ ਨੰ: 254 ਮਿਤੀ 14 ਜੂਨ 1897 ਅਧੀਨ ਮਾਲ ਮਹਿਕਮੇ ਦੇ ਰਜਿਸ਼ਟਰ ਵਿੱਚ ਦਰਜ ਹੈ।

ਇੱਥੇ ਇਹ ਗੱਲ ਦਸਣੀ ਮਹੱਤਵਪੂਰਨ ਹੈ ਕਿ ਪ੍ਰਸਿੱਧ ਇਤਿਹਾਸਕਾਰ ਗਿਆਨੀ ਪ੍ਰਤਾਪ ਸਿੰਘ ਨੇ 92 ਪੰਨਿਆਂ ਦੀ ਪੁਸਤਕ 'ਰਾਧਾ ਸੁਆਮੀ ਮੱਤ ਦਰਪਣ' ਦੇ ਪੰਨੇ 64 ਅਧਿਆਏ 7 ਵਿੱਚ ਲਿਖਿਆ ਹੈ ਕਿ 1997 ਈ. ਵਿੱਚ 6 ਪਿੰਡਾਂ ਦੇ ਮੁਖੀਆਂ –ਲਾਲੂ ਨੰਬਰਦਾਰ, ਭਾਨ ਸਿੰਘ, ਮਹਿਤਾਬ ਸਿੰਘ, ਬੂੜ ਸਿੰਘ, ਸ਼ੇਰ ਸਿੰਘ ਅਤੇ ਗੁਰਦਿੱਤ ਸਿੰਘ ਨੇ ਇਹ ਜ਼ਮੀਨ ਮਾਲ ਰਿਕਾਰਡ ਵਿੱਚ ਗੁਰੂ ਗ੍ਰੰਥ ਸਾਹਿਬ ਦੇ ਨਾਮ ਦਰਜ਼ ਕਰਵਾਈ ਜਿਸ ਵਿੱਚ ਇਹ ਵਿਸ਼ੇਸ਼ ਤੌਰ ਤੇ ਲਿਖਿਆ ਗਿਆ ਹੈ ਕਿ ਭਾਈ ਜੈਮਲ ਸਿੰਘ ਨੂੰ ਇਹ ਜ਼ਮੀਨ ਕਿਸੇ ਹੋਰ ਨੂੰ ਤਬਦੀਲ ਕਰਨ, ਵਿਕਰੀ ਅਤੇ ਗਹਿਣੇ ਰੱਖਣ ਦਾ ਅਧਿਕਾਰ ਨਹੀਂ ਹੋਵੇਗਾ ਤਾਂ ਜੋ ਇਹ ਧਰਮਸ਼ਾਲਾ ਧਰਮਸ਼ਾਲਾ ਹੀ ਰਹੇ। ਇਸ ਉਸ ਦਾ ਮੱਤ ਸਿੱਖ ਮੱਤ ਨਾਲੋਂ ਵੱਖਰਾ ਹੈ ਅਤੇ ਨਾ ਹੀ ਪਿੰਡ ਦੇ ਲੋਕਾਂ ਨੂੰ ਇਸ ਗੱਲ ਦਾ ਪਤਾ ਸੀ ਕਿ ਬਾਬਾ ਜੈਮਲ ਸਿੰਘ ਸਿੱਖ ਨਹੀਂ ਰਾਧਾ ਸੁਆਮੀ ਹੈ।

ਸੁਪਰੀਮ ਕੋਰਟ ਦਾ ਉਪਰੋਕਤ ਫੈਸਲਾ ਕਰਨ ਵਾਲੇ ਦੋ ਜੱਜਾਂ ਵਿੱਚੋਂ ਇੱਕ ਮਾਨਯੋਗ ਜੱਜ ਜਸਟਿਸ ਏ. ਪੀ. ਮਿਸ਼ਰਾ 24 ਅਕਤੂਬਰ 2000 ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਆਏ ਅਤੇ ਉਨ੍ਹਾਂ ਨੇ 'ਵਿਜ਼ੀਟਰ ਬੁੱਕ' ਵਿੱਚ ਲਿਖਿਆ ਕਿ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਨ ਦੀ ਪ੍ਰੇਰਨਾਂ ਉਨ੍ਹਾਂ ਨੂੰ ਗੁਰੂ ਗ੍ਰੰਥ ਸਾਹਿਬ ਤੋਂ ਮਿਲੀ ਅਤੇ ਉਹ ਇੱਥੇ ਪਹੁੰਚ ਕੇ ਆਪਣੇ ਆਪ ਨੂੰ ਵਡਭਾਗੇ ਸਮਝਦੇ ਹਨ ਅਤੇ ਉਨ੍ਹਾਂ ਨੂੰ ਇੱਥੇ ਬੜੀ ਆਤਮਕ ਸ਼ਾਂਤੀ ਅਤੇ ਸ਼ਕਤੀ ਮਿਲੀ ਹੈ ਅਤੇ ਉਹ ਇਹ ਅਰਦਾਸ ਕਰਦੇ ਹਨ ਕਿ ਇਸ ਸ਼ਕਤੀ ਤੋਂ ਉਹ ਮਨੁੱਖਤਾ ਦਾ ਹੋਰ ਸੇਵਾ ਕਰ ਸਕਣ।

ਇਸ ਮੌਕੇ ਤੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਸਰਦਾਰ ਗੁਰਬਚਨ ਸਿੰਘ ਬਚਨ ਨੇ ਮਾਨਯੋਗ ਜੱਜ ਸਾਹਿਬ ਨੂੰ ਸਿਰੋਪਾ, ਧਾਰਮਿਕ ਪੁਸਤਕਾਂ ਦਾ ਸੈਟ ਅਤੇ ਹਰਿਮੰਦਰ ਸਾਹਿਬ ਦਾ ਮਾਡਲ ਅਤੇ ਇੱਕ ਸ਼ਾਲ ਦਰਬਾਰ ਸਾਹਿਬ ਵੱਲੋਂ ਬਖਸ਼ਿਸ਼ ਕੀਤਾ। ■

Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/-)

CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਭਾਈ ਹਰਚੰਦ ਸਿੰਘ ਰਾਗੀ ਤੇ ਸਾਥੀ

ਹਰਭਜਨ ਸਿੰਘ ਬਟਾਲਵੀ
1182, ਸੈਕਟਰ: 44-ਬੀ, ਚੰਡੀਗੜ੍ਹ

ਉੱਤਰੀ ਭਾਰਤ ਦਾ ਕੋਈ ਅਜਿਹਾ ਵਾਸੀ ਨਹੀਂ ਜਿਸ ਨੇ ਗੁਰਬਾਣੀ ਕਦੇ ਨਾ ਸੁਣੀ ਹੋਵੇ, ਅਜਿਹੀ ਗੱਲ ਵੀ ਨਹੀਂ ਕਿ ਉਸਨੇ ਕੁਝ ਉੱਘੇ ਗੁਰਬਾਣੀ ਪੜ੍ਹਨ ਵਾਲੇ ਪੁਰਖਾਂ ਜਾਂ ਜੱਥਿਆਂ ਦੇ ਨਾਮ ਨਾ ਸੁਣੇ ਹੋਣ। ਇਹੋ ਜਿਹਾ ਹੀ ਸੁਪ੍ਰਸਿੱਧ ਇੱਕ ਜੱਥਾ ਹੈ ਭਾਈ ਸਾਹਿਬ ਭਾਈ ਹਰਚੰਦ ਸਿੰਘ ਤੇ ਉਨ੍ਹਾਂ ਦੇ ਦੋ ਸਾਥੀਆਂ ਦਾ।

ਭਾਈ ਹਰਚੰਦ ਸਿੰਘ ਨੇ ਆਪਣਾ ਸਮੁੱਚਾ ਜੀਵਨ ਗੁਰਬਾਣੀ ਕੀਰਤਨ ਵਿੱਚ ਹੀ ਲਗਾ ਦਿੱਤਾ ਹੈ। ਇੱਕ ਸਾਧਾਰਣ ਪੇਂਡੂ ਰਾਮਗੜ੍ਹੀਆ ਪ੍ਰਵਾਰ ਵਿੱਚ, ਕਿਸ਼ਨਪੁਰਾ, ਨਾਂ ਦੇ ਪਿੰਡ ਜੋ ਅੱਜ ਕੱਲ੍ਹ ਤਹਿਸੀਲ ਜ਼ੀਰਾ, ਜਿਲ੍ਹਾ ਫਿਰੋਜ਼ਪੁਰ ਵਿੱਚ ਹੈ, ਉਨ੍ਹਾਂ ਦਾ ਜਨਮ ਕੋਈ 1923 ਵਿੱਚ ਹੋਇਆ ਸੀ। ਬਚਪਨ ਵਿੱਚ ਉਨ੍ਹਾਂ ਨੂੰ ਚੇਚਕ ਨਿਕਲੀ ਅਤੇ ਉਨ੍ਹਾਂ ਦੀਆਂ ਦੋਵੇਂ ਅੱਖਾਂ ਲੈ ਕੇ ਚਲਦੀ ਬਣੀ। ਘਰਦਿਆਂ ਸੋਚਿਆ ਹੁਣ ਕੋਈ ਚਾਰਾ ਨਹੀਂ- ਮੁੰਡੇ ਨੂੰ ਗਾਉਣ ਵਜਾਉਣ ਵਾਲੇ ਪਾਸੇ ਲਾ ਦੇਈਏ। ਰੋਟੀ ਖਾਣ ਜੋਗਾ ਹੋ ਜਾਊ। ਕੋਈ 5-6 ਸਾਲ ਦਾ ਭੋਲਾ ਭਾਲਾ ਅਤੇ ਅੱਖਾਂ ਦੀ ਜੋਤ ਗੁਆ ਬੈਠਾ ਇਹ ਬਾਲ ਮੋਗੇ ਮੇਘ ਸਿੰਘ ਚੰਨਣ ਸਿੰਘ ਹੋਰਾਂ ਦਾ ਸ਼ਾਗਿਰਦ ਬਣ ਗਿਆ। ਕੋਈ ਛੇ ਸਾਲ ਉਨ੍ਹਾਂ ਤੋਂ ਵਿੱਦਿਆ ਪ੍ਰਾਪਤੀ ਪਿੱਛੋਂ ਉਹ ਗਵਾਲੀਅਰ ਘਰਾਣੇ ਦੇ ਗਵਾਲੀਅਰ ਸਥਿਤ ਪੰਡਿਤ ਕ੍ਰਿਸ਼ਨਾ ਰਾਓ ਸ਼ੰਕਰ ਦੀ ਪੈਰੀਂ ਜਾ ਡਿੱਗਾ ਅਤੇ ਹੋਰ ਪੰਜ ਸਾਲ ਸਿੱਖਦਾ ਰਿਹਾ। ਪੰਡਤ ਜੀ ਨੇ ਐਸਾ ਚਮਕਾਇਆ ਉਸਦੇ ਗੁਣ ਨੂੰ ਕਿ ਉਹ ਪਾਸੇ ਦਾ ਸੋਨਾ ਬਣ ਨਿਕਲਿਆ। ਉੱਥੋਂ ਹੀ ਸੰਗੀਤ ਵਿਸ਼ਾਰਦ ਦਾ ਕੋਰਸ ਅਤੇ ਫਿਰ ਅਲਾਹਾਬਾਦ ਵਿਸ਼ਵ ਵਿਦਿਆਲੇ ਤੋਂ ਐਮ. ਏ. (ਸੰਗੀਤ) ਕਰਨ ਉਪਰੰਤ ਵੀ ਉਨ੍ਹਾਂ ਸਿੱਖਣਾ ਬੰਦ ਨਾ ਕੀਤਾ ਸਗੋਂ ਫਗਵਾੜੇ ਆ ਕੇ ਮਾਸਟਰ ਰਤਨ ਹੋਰਾਂ ਤੋਂ ਸਾਲ ਭਰ ਹੋਰ ਵਿੱਦਿਆ ਪਾਈ। ਨਤੀਜੇ ਵਜੋਂ ਹੁਣ ਹਰਚੰਦ ਸਿੰਘ ਨੌਜਵਾਨ ਇੱਕ ਗੰਭੀਰ ਅਤੇ ਗਹਿਰਾ ਗੁਰਬਾਣੀ ਅਤੇ ਰਾਗ ਵਿੱਦਿਆ ਦਾ ਵਿਸ਼ੇਸ਼ਗ ਬਣ ਚੁੱਕਾ ਸੀ।

ਭਾਈ ਹਰਚੰਦ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਿੱਤੇ ਸਾਰੇ ਰਾਗ ਗਾ ਸਕਣ ਦਾ ਮਾਣ ਪ੍ਰਾਪਤ ਹੈ। ਇਹ ਰੱਬੀ ਰਹਿਮਤ ਬਹੁਤ ਹੀ ਥੋੜੇ ਲੋਕਾਂ ਦੇ ਹਿੱਸੇ ਆਉਂਦੀ ਹੈ। ਕਲਾਸੀਕਲ ਸੰਗੀਤ ਦਾ ਵੀ ਉਹ ਮਾਹਰ ਹੈ ਅਤੇ ਉਸ ਅਨੁਸਾਰ ਉਹ ਕਦੀ ਕਿਸੇ ਦੀ ਨਕਲ ਨਹੀਂ ਕਰਦਾ। ਖਿਆਲ ਅਤੇ ਧਰੁਪਦ ਉਹ ਦੋਵੇਂ ਗਾ ਸਕਦੈ ਜੋ ਕਿ ਇੱਕ ਹੋਰ ਅਚੰਭਾ ਹੈ। ਲਾਈਟ ਸੰਗੀਤ ਵਿੱਚ ਵੀ ਉਸਦੀਆਂ ਆਪਣੀਆਂ ਕੰਪੋਜ਼ ਕੀਤੀਆਂ ਧੁਨਾਂ ਹੀ ਨੇ ਜੋ ਉਹ ਗਾਉਂਦਾ ਹੈ।

ਭਾਈ ਹਰਚੰਦ ਸਿੰਘ ਨਾ ਕੇਵਲ ਗਾਇਕੀ ਦਾ ਹੀ ਮਾਹਰ ਹੈ ਸਗੋਂ ਪਿਆਨੋ, ਵਾਇਲਨ, ਦਿਲਰੁਬਾ, ਤਬਲਾ, ਬੈਂਜੋ, ਹਰਮੋਨੀਅਮ ਆਦਿ ਸਾਜ਼ਾਂ ਨੂੰ ਵਜਾਉਣ ਲਈ ਵੀ ਉਹ ਪੂਰਾ ਉਸਤਾਦ ਗਿਣਿਆ ਜਾਂਦਾ ਹੈ। ਤੰਤੀ ਸਾਜ਼ਾਂ ਨਾਲ ਕੀਰਤਨ ਕਰਨਾ ਵੀ ਉਸਦੇ ਦੇ ਹੀ ਹਿੱਸੇ ਆਇਆ ਹੈ- ਇਹ ਵੀ ਇੱਕ ਦੁਰਲੱਭ ਚੀਜ਼ ਹੈ। ਮਹਾਰਾਜਾ ਫਰੀਦਕੋਟ ਵਲੋਂ ਉਸਨੂੰ ਕਈ ਅਜਿਹੇ ਪ੍ਰਮਾਣ ਪੱਤਰ ਵੀ ਮਿਲ ਚੁੱਕੇ ਨੇ।

ਉਹ ਕੀਰਤਨ ਨੂੰ ਗੁਰੂ ਅਰਜਨ ਦੇਵ ਜੀ ਦੁਆਰਾ ਚਲਾਈ ਪ੍ਰਥਾ ਅਤੇ ਮਰਯਾਦਾ ਅਨੁਸਾਰ ਹੀ ਕਰਨ ਨੂੰ ਠੀਕ ਸਮਝਦੈ। ਇਸ ਪ੍ਰਚਾਰ ਲਈ 1955 ਵਿੱਚ ਸਵਰਗਵਾਸੀ ਭਾਈ ਸਮੁੰਦ ਸਿੰਘ ਨਾਲ ਰਲਕੇ ਉਨ੍ਹਾਂ ਇੱਕ ਗੁਰਮਤਿ ਰਾਗੀ ਸਭਾ ਨਾਂ ਦੀ ਸਭਾ ਵੀ ਕਾਇਮ ਕੀਤੀ ਸੀ। ਬਾਦ ਵਿੱਚ ਪੰਜਾਬ ਪੱਧਰ ਤੇ ਕਾਇਮ ਹੋ ਗਈ। ਭਾਈ ਸਾਹਿਬ ਪਹਿਲਾਂ ਪੰਦਰਾਂ ਸਾਲ ਉਸਦੇ ਮੀਤ ਪ੍ਰਧਾਨ ਰਹੇ ਅਤੇ ਹੁਣ ਪ੍ਰਧਾਨ ਨੇ। ਇਸ ਸਭਾ ਦਾ ਮੰਤਵ ਗੁਰਬਾਣੀ ਰਾਗਾਂ ਅਨੁਸਾਰ ਪੇਸ਼ ਕਰਨ ਲਈ ਉਤਸ਼ਾਹਿਤ ਕਰਨਾ ਹੈ।

ਨਜ਼ਰ ਚਲੇ ਜਾਣ ਪਿੱਛੋਂ ਉਹ ਕੋਈ ਹੋਰ ਵੀ ਧੰਦਾ ਕਰ ਲੈਂਦੇ ਪਰ ਉਹਨੀਂ ਹੀ ਦਿਨੀ ਇੱਕ ਬਹੁਤ ਚੰਗਾ ਰਾਗੀ ਜੱਥਾ ਉਨ੍ਹਾਂ ਦੇ ਪਿੰਡ ਆਇਆ ਅਤੇ ਬਾਬੇ ਬੁੱਢੇ ਵਾਂਗ ਇਹ ਵੀ ਆਪਣਾ ਫਿਕਰ ਕਰਨ ਲੱਗ ਪਏ। ਉਨ੍ਹਾਂ ਦੇ ਕਹਿਣ ਤੋਂ ਹੀ ਘਰਦਿਆਂ ਨੇ ਮੋਗੇ ਵਿੱਦਿਆ ਪ੍ਰਾਪਤੀ ਲਈ ਭੇਜਿਆ। ਹੁਣ ਉਨ੍ਹਾਂ ਭਲੇ ਪੁਰਸ਼ਾਂ (ਜੱਥੇ ਵਾਲਿਆਂ) ਦਾ ਨਾਂ ਵੀ ਭਾਈ ਸਾਹਿਬ ਨੂੰ ਯਾਦ ਨਹੀਂ। (ਅਖਾੜੇ ਵਾਲੇ ਮਹੰਤ)

1947 ਵਿੱਚ ਫਰੀਦਕੋਟ ਦੇ ਮਹਾਰਾਜੇ ਨੇ ਫਰੀਦਕੋਟ ਵਿਖੇ ਇੱਕ ਰੇਡੀਓ ਸਟੇਸ਼ਨ ਖੋਲ੍ਹਿਆ ਜਿੱਥੇ ਭਾਈ ਸਾਹਿਬ ਨੂੰ ਸੰਗੀਤ ਨਿਰਦੇਸ਼ਕ ਦੇ ਉੱਚ ਅਹੁਦੇ ਉੱਤੇ ਰੱਖਿਆ ਗਿਆ। ਉਹਨਾਂ ਅਨੁਸਾਰ ਸ. ਪ੍ਰੇਮ ਸਿੰਘ ਐਡਵੋਕੇਟ ਉੱਥੇ ਖਬਰਾਂ ਪੜ੍ਹਦੇ ਹੁੰਦੇ ਸੀ। ਕੁਝ ਹੀ ਮਹੀਨਿਆਂ ਪਿੱਛੋਂ ਰਿਆਸਤਾਂ ਟੁੱਟ ਗਈਆਂ ਅਤੇ ਨਾਲ ਹੀ

ਉਹ ਰੇਡੀਓ ਸਟੇਸ਼ਨ ਵੀ।

ਰੋਟੀ ਰੋਜ਼ੀ ਲਈ ਉਹਨਾਂ ਕਈ ਥਾਵਾਂ ਤੇ ਹਮਲੇ ਕੀਤੇ ਹਨ। ਫਰੀਦਕੋਟ, ਪਟਿਆਲੇ, ਪਟਿਆਲੇ ਤੋਂ ਦਿੱਲੀ, ਦਿੱਲੀ ਤੋਂ ਲੁਧਿਆਣੇ, ਫਿਰ ਮੋਗੇ, ਅੰਮ੍ਰਿਤਸਰ ਫਿਰ ਦਿੱਲੀ ਤੇ ਅੰਤ ਵਿੱਚ ਲੁਧਿਆਣੇ ਹੀ ਛਾਉਣੀਆਂ ਪਾਈਆਂ। ਮੋਗੇ ਅਝੇ ਦਿੱਲੀ ਤਾਂ ਉਹਨਾਂ ਗੁਰਮਤਿ ਸੰਗੀਤ ਕਾਲਜ ਚਲਾਏ, ਅੱਜ ਕਲ ਵੀ ਉਹਨਾਂ ਦਾ ਇਸੇ ਨਾ ਦਾ ਕਾਲਜ ਲੁਧਿਆਣੇ ਚਲਦਾ ਹੈ। ਤਿੰਨ ਸਾਲ ਉਹ ਅੰਮ੍ਰਿਤਸਰ ਵਿਖੇ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਵੀ ਰਹੇ ਨੇ, ਗੁਰਦੁਆਰਾ ਸੀਸ ਗੰਜ ਦਿੱਲੀ ਅਤੇ ਕਲਕੱਤੇ ਵੀ ਉਹ ਹਜ਼ੂਰੀ ਰਾਗੀ ਰਹੇ ਨੇ। ਇਸ ਤਰ੍ਹਾਂ ਉਨ੍ਹਾਂ ਨੌਕਰੀ ਵੀ ਕੀਤੀ ਹੈ ਅਤੇ ਆਪਦਾ ਕੰਮ ਵੀ, ਜਿਸ ਤੋਂ ਉਨ੍ਹਾਂ ਦਾ ਦਾਲ ਫੁਲਕਾ ਤੁਰਿਆ ਜਾਂਦੈ।

ਉਹ 1955 ਤੋਂ ਰੇਡੀਓ ਤੇ ਗਾ ਰਹੇ ਨੇ ਅਤੇ ਟੈਲੀਵੀਜ਼ਨ ਨਾਲ ਉਹਨਾਂ ਦਾ ਸਬੰਧ ਟੈਲੀਵੀਜ਼ਨ ਦੇ ਜਨਮ ਤੋਂ ਹੀ ਹੈ। ਵੈਸੇ ਕੀਰਤਨ ਕਰਦਿਆਂ ਨੂੰ ਉਹਨਾਂ ਨੂੰ 45 ਸਾਲ ਹੋ ਗਏ ਨੇ। ਉਹ ਦੋ ਵਾਰ ਵਲੈਤੋਂ ਵੀ ਹੋ ਆਏ ਨੇ ਅਤੇ ਉੱਥੇ ਬਹੁਤ ਥਾਵਾਂ ਤੇ ਉਹਨਾਂ ਕੀਰਤਨ ਕੀਤੇ ਜਿੱਥੋਂ ਬਹੁਤ ਆਦਰ ਸਤਿਕਾਰ ਮਿਲਿਐ।

ਕੀਰਤਨ ਦੇ ਨਾਲ-ਨਾਲ ਉਹ ਆਪ ਗੀਤ ਲਿਖਦੇ ਅਤੇ ਗਾਉਂਦੇ ਨੇ। ਇਹ ਗੀਤ ਵੀ ਆਮ ਤੌਰ ਤੇ ਧਾਰਮਿਕ ਕਿਸਮ ਦੇ ਹੀ ਹੁੰਦੇ ਨੇ। ਹੁਣ ਤੱਕ ਉਹਨਾ ਗੀਤਾਂ ਦੀਆਂ ਚਾਰ ਪੁਸਤਕਾਂ ਛਪਵਾ ਦਿੱਤੀਆਂ ਨੇ, ਸ਼ਰਧਾ ਦੇ ਫੁੱਲ, ਅਗੰਮੀ ਕ੍ਰਿਸ਼ਮੇਂ, ਕਲਸੀ ਨਗਮੇਂ ਕਲਸੀ ਵਲਵਲੇ ਉਹਨਾਂ ਪੁਸਤਕਾਂ ਦੇ ਨਾਂ ਨੇ। ਉਹਨਾਂ ਦਾ ਗੀਤ :

*ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਮੁੱਖ ਤੋਂ ਬੋਲਿਆ ਕਰੋ।*

ਅਤਿ ਪ੍ਰਸਿੱਧ ਹੈ ਅਤੇ ਭਾਰਤ 'ਤੇ ਵਲੈਤ ਵਿੱਚ ਵੀ ਬੱਚੇ-ਬੱਚੇ ਦੀ ਜ਼ਬਾਨ ਤੇ ਹੈ। ਗੁਰੂ ਨਾਨਕ 500 ਸਾਲਾ ਫਾਊਂਡੇਸ਼ਨ ਵਲੋਂ ਉਹਨਾਂ ਦਾ ਇੱਕ ਐਲ. ਪੀ. ਰੀਕਾਰਡ ਵੀ ਤਿਆਰ ਕੀਤਾ ਗਿਆ ਸੀ।

ਉਹਨਾਂ ਨਾਲ ਉਹਨਾਂ ਦਾ ਭਰਾ ਭਾਈ ਗੁਰਦਿਆਲ ਸਿੰਘ ਕੋਈ 35-36 ਸਾਲ ਰਿਹਾ ਪਰ ਉਹ ਅੱਜ ਕੱਲ੍ਹ ਇੰਗਲੈਂਡ ਹੀ ਟਿਕ ਗਿਆ ਹੈ ਅਤੇ ਉਹਨਾਂ ਦਾ ਭਤੀਜਾ ਭਾਈ ਸੁਰਿੰਦਰ ਸਿੰਘ ਅੱਜ ਕੱਲ੍ਹ ਉਹਨਾਂ ਦੇ ਨਾਲ ਹੈ ਜੋ ਤਬਲਾ ਵਜਾਉਂਦਾ ਹੈ। ਲੈਅ ਕਾਇਮ ਰੱਖਦੈ, ਆਵਾਜ਼ ਲਾਉਂਦੈ ਅਤੇ ਤਬਲੇ ਤੇ ਤਾਨ ਮਾਰਦੈ। ਤਬਲੇ ਤੇ ਤਾਨ ਮਾਰਨੀ ਅਤਿ ਕਠਿਨ ਹੈ ਅਤੇ ਇਹ ਵੀ ਕਿਸੇ ਕਰਮਾਂ ਵਾਲੇ ਦੇ ਹੀ ਹਿੱਸੇ ਆਈ ਹੈ, ਜਿਨ੍ਹਾਂ ਵਿੱਚੋਂ ਭਾਈ ਸੁਰਿੰਦਰ ਸਿੰਘ ਇੱਕ ਹੈ। ਜੱਥੇ ਵਿੱਚ ਤੀਜਾ ਭਾਈ ਬੰਦ ਉਹਨਾਂ ਦਾ ਇੱਕ ਸ਼ਾਗਿਰਦ ਭਾਈ ਜ਼ੋਰਾ ਸਿੰਘ ਹੈ ਜੋ 5-6 ਸਾਲ ਤੋਂ ਉਹਨਾਂ ਦੇ ਨਾਲ ਹੈ।

ਉਹਨਾਂ ਦੇ ਹੋਰ ਵੀ ਕਈ ਸ਼ਾਗਿਰਦ ਹਨ ਜਿਨ੍ਹਾਂ ਵਿੱਚੋਂ ਫਿਲਮਾਂ ਵਿੱਚ ਇੱਕ ਮਨੋਹਰ ਦੀਪਕ ਨਾਂ ਦਾ ਸ਼ਗਿਰਦ ਆਮ ਪ੍ਰਸਿੱਧ ਹੈ। ਭਾਈ ਸਾਹਿਬ ਕੋਲ ਕਈ ਦਿਲਚਸਪ ਘਟਨਾਵਾਂ ਹਨ। ਇੱਕ ਵਾਰ 1952 ਦੀ ਗੱਲ ਹੈ ਦਿੱਲੀ ਵਿੱਚ ਕੀਰਤਨ ਦਰਬਾਰ ਸੀ, ਉਹ ਵੀ ਇਨਾਮੀ। ਉਹਨਾਂ ਕਿਹਾ ਕੇਵਲ ਰਾਗ ਜੈ ਜੈ ਵੰਤੀ ਅਤੇ ਕਾਨੜਾ ਹੀ ਗਾਉਣੈ। ਮੈਂ ਜੈ ਜੈ ਵੰਤੀ ਸੁਣਾਇਆ, ਉਹਨਾਂ ਕਿਹਾ, ਕਾਨ੍ਹੜਾ ਸੁਣਾਉ। ਮੈਂ ਵੈਸੇ ਸੁਣਾ ਦਿੰਦਾ ਹਾਂ, ਪਰ ਇਹ ਦੱਸੋ, ਅਠਾਰਾਂ ਕਿਸਮਾਂ ਵਿੱਚੋਂ ਕਿਹੜੀ ਸੁਣਾਵਾਂ। ਨਾਇਕੀ ਕਾਨ੍ਹੜਾ, ਤੇ ਗੱਲ ਮੁੱਕੀ। ਮੈਂ ਸੁਣਾਇਆ, ਸੰਗਤਾਂ ਪ੍ਰਸੰਸਾ ਕੀਤੀ ਅਤੇ ਕਿਹਾ, ਇਨਾਮ ਹੁਣੇ ਅਨਾਊਂਸ ਕਰੋ- ਸਕੱਤਰ ਮੰਨੇ ਨਾ, ਕਹੇ, ਕਲ੍ਹ ਹੀ ਦੱਸਾਂਗੇ। ਸੰਗਤਾਂ ਵਿੱਟਰ ਬੈਠੀਆਂ- ਪਹਿਲਾ ਮੈਨੂੰ, ਦੂਜਾ ਬੀਬੀ ਮਨਸ਼ਾ ਕੌਰ ਨੂੰ ਤੇ ਤੀਜਾ ਭਾਈ ਜੱਸਾ ਸਿੰਘ ਪਾਲਾ ਸਿੰਘ ਨੂੰ ਮਿਲਿਆ।

ਹਰ ਸਾਲ ਗੋਇੰਦਵਾਲ ਵਿਖੇ ਕੀਰਤਨ ਕਰਵਾਉਂਦੇ ਨੇ ਬਾਵਾ ਜੀ। ਉਹ ਤੇਰੀ ਉਪਮਾਂ ਮੋਹਿ ਬਨ ਆਵੈ। ਸ਼ਬਦ ਹੀ ਪੜ੍ਹਨ ਨੂੰ ਕਹਿੰਦੇ ਨੇ ਅਤੇ ਕੋਈ 33-34 ਜੱਥੇ ਆਉਂਦੇ ਨੇ- ਮੈਂ ਉੱਥੋਂ ਵੀ ਦੋ ਵਾਰ ਇਹ ਇਨਾਮ ਪ੍ਰਾਪਤ ਕਰ ਚੁੱਕਾ ਹਾਂ। ਹੋਰ ਕਈ ਥਾਂਵਾਂ ਤੋਂ ਉਹ ਕੀਰਤਨ ਅਤੇ ਕਲਾਸਕੀ ਸੰਗੀਤ ਵਿੱਚੋਂ ਇਨਾਮ ਸਨਮਾਨ ਪ੍ਰਾਪਤ ਕਰ ਚੁੱਕੇ ਨੇ।

ਉਂਜ ਉਹ ਬੜਬੋਲੇ ਕਿਸਮ ਦੇ ਬੰਦੇ ਅਤੇ ਤਰਜ਼ਾਂ ਵਿਗਾੜ ਕੇ ਗਾਉਣ ਵਾਲਿਆਂ ਨੂੰ ਸ਼ਰੇ-ਆਮ ਪੈ ਜਾਂਦੇ, ਇਸ ਕਰਕੇ ਆਮ ਲੋਕ ਉਸਨੂੰ ਸੱਦਦੇ ਹੀ ਘੱਟ ਨੇ। ਉਹ ਪੱਕਾ ਗ੍ਰਹਿਸਤੀ ਹੈ ਅਤੇ ਪਤਨੀ ਤੋਂ ਇਲਾਵਾ ਦੋ ਲੜਕੀਆਂ ਅਤੇ ਇੱਕ ਲੜਕਾ ਵੀ ਉਸ ਪਾਸ ਨੇ। ਲੜਕੇ ਨੂੰ ਤਾਂ ਕੀਰਤਨ ਦਾ ਸ਼ੌਕ ਵੀ ਹੈ। ਅੱਜ ਕੱਲ੍ਹ ਲੁਧਿਆਣੇ ਉਸਦਾ ਆਪਣਾ ਮਕਾਨ ਹੈ, ਮਾਇਆ ਵਲੋਂ ਵੀ ਰੱਬ ਦੀ ਕ੍ਰਿਪਾ ਹੈ ਉਸਤੇ, ਸਭ ਸਹੂਲਤ ਉਸ ਪਾਸ ਹੈ। ਕੋਈ ਤੋਟ ਨਹੀਂ। ਮੇਰੇ ਇਹ ਪੁੱਛਣ ਤੇ ਕਿ ਤੁਹਾਨੂੰ ਫਿਰਨ ਤੁਰਨ ਵਿੱਚ ਕੋਈ ਔਕੜ ਤਾਂ ਨਹੀਂ ਆਉਂਦੀ। ਉਸ ਕਿਹਾ ਹੁਣ ਤਾਈਂ ਤਾਂ ਆਉਂਦੀ ਨਹੀਂ। ਅੱਗੇ ਵੇਖੋ।

ਉਹ ਗੁਰਬਾਣੀ ਪੜ੍ਹਨ ਵਿੱਚ ਆਪਣਾ ਸਾਨੀ ਨਹੀਂ ਰੱਖਦਾ। ■

# ਉਸਤਾਦ ਬਹਾਦਰ ਸਿੰਘ

ਡਾ. ਗੁਰਨਾਮ ਸਿੰਘ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਉਸਤਾਦ ਬਹਾਦਰ ਸਿੰਘ ਪੰਜਾਬ ਦੀ ਸੰਗੀਤ ਪਰੰਪਰਾ ਵਿੱਚ ਸਿਰਮੌਰ ਤਬਲਾ ਵਾਦਕ ਮੰਨੇ ਜਾਂਦੇ ਹਨ। ਆਪ ਨੇ ਪੰਜਾਬ ਘਰਾਨੇ ਦੇ ਅਨੂਠੇ ਬਾਜ ਨੂੰ ਮੌਲਿਕ ਅੰਦਾਜ਼ ਨਾਲ ਅਲੰਕ੍ਰਿਤ ਕਰਕੇ ਇੱਕ ਬੇਮਿਸਾਲ ਤਬਲਾ ਵਾਦਕ ਵਜੋਂ ਨਾਮਣਾ ਖੱਟਿਆ। ਇਸ ਤਬਲਾ ਵਾਦਕ ਨੇ ਤਾਲ ਸਰੂਪ ਹੋ ਸਮੂਚਾ ਜੀਵਨ ਤਬਲਾ ਵਾਦਨ ਨੂੰ ਸਮਰਪਿਤ ਕਰ ਦਿੱਤਾ। ਸਮੁੱਚੇ ਭਾਰਤੀ ਸੰਗੀਤ ਵਿੱਚ ਉਸਤਾਦ ਬਹਾਦਰ ਸਿੰਘ ਦਾ ਨਾਮ ਅਦਬ ਨਾਲ ਲਿਆ ਜਾਂਦਾ ਸੀ। ਉਚਕੋਟੀ ਦੇ ਸੰਗੀਤਕਾਰ ਜਦੋਂ ਕਦੇ ਪੰਜਾਬ ਆਉਂਦੇ ਤਾਂ ਉਸਤਾਦ ਬਹਾਦਰ ਸਿੰਘ ਦੇ ਵਾਦਨ ਨਾਲ ਆਪਣੀ ਕਲਾ ਪ੍ਰਦਰਸ਼ਨ ਕਰਨ ਵਿੱਚ ਫ਼ਖਰ ਅਨੁਭਵ ਕਰਦੇ ਸਨ। ਸੱਚਮੁਚ ਹੀ ਇਸ ਉਸਤਾਦ ਦਾ ਤਬਲਾ ਵਾਦਨ ਕਲਾ ਪ੍ਰਸਤੁਤੀ ਨੂੰ ਸੁਹਜਾਤਮਕ ਹਾਸ਼ੀਏ ਪ੍ਰਦਾਨ ਕਰ ਜਾਂਦਾ ਸੀ ਜਿਸ ਨਾਲ ਸਾਧਾਰਣ ਸੰਗੀਤਕ ਕਿਰਤ ਦੀ ਵਿਸ਼ਾਲ ਕੈਨਵਸ ਤੇ ਉਕਰੀ ਅਦਭੁਤ ਮੂਰਤ ਪ੍ਰਤੀਤ ਹੁੰਦੀ ਸੀ।

ਪੰਜਾਬੀ ਆਪਣੇ ਮਿਹਨਤੀ ਤੇ ਸਿਰੜੀ ਸੁਭਾਅ ਸਦਕਾ ਅਸੰਭਵ ਨੂੰ ਸੰਭਵ ਕਰਨ ਵਿੱਚ ਭਰਪੂਰ ਵਿਸ਼ਵਾਸ ਰੱਖਦੇ ਹਨ। ਸੰਗੀਤ ਸਾਧਨਾ ਕੁਝ ਅਜਿਹੇ ਸੁਭਾਅ ਦੇ ਵਾਤਾਵਰਣ 'ਚ ਵਧੇਰੇ ਨਿਖਰਦੀ ਤੇ ਪਨਪਦੀ ਹੈ। ਸੰਗੀਤ ਵਿੱਚ ਵਧੇਰੇ ਕਰਕੇ ਵਿਰਸੇ 'ਚੋਂ ਪ੍ਰਾਪਤ ਸੰਗੀਤ ਦਾਤ ਨੂੰ ਸਰੇਸ਼ਠ, ਮੰਨਿਆ ਜਾਂਦਾ ਹੈ। ਇਸ ਕਰਕੇ ਘਰਾਣਾ ਪਰੰਪਰਾ ਦਾ ਵਿਸ਼ੇਸ਼ ਯੋਗਦਾਨ ਮੰਨਿਆ ਜਾਂਦਾ ਹੈ। ਪਰੰਤੂ ਸੰਗੀਤ ਜਗਤ ਵਿੱਚ ਕੁਝ ਅਜਿਹੇ ਸਿੱਧ ਕਲਾਕਾਰ ਵੀ ਹੋਏ ਜਿਨ੍ਹਾਂ ਇਸ ਵਿਰਸਾਗਤ ਸੰਗੀਤ ਮਿਆਰਾਂ ਨੂੰ ਆਪਣੀ ਸਾਧਨਾਂ ਦੁਆਰਾ ਅਲਪ ਅਕਾਰੀ ਬਣਾ ਦਿੱਤਾ ਅਤੇ ਸੰਗੀਤ ਕਲਾ ਨੂੰ ਸਾਧਨਾਂ ਤੇ ਰਿਆਜ਼ ਦੇ ਮਾਪਦੰਡਾਂ ਨਾਲ ਪਰਖਣ ਲਈ ਮਜਬੂਰ ਕਰ ਦਿੱਤਾ। ਉਸਤਾਦ ਬਹਾਦਰ ਸਿੰਘ ਦਾ ਘਾਲਣਾ ਭਰਿਆ ਸਮੁੱਚਾ ਜੀਵਨ ਅਜਿਹੇ ਸਿਧ ਸੰਗੀਤ ਸਾਧਕ ਦੀ ਤਰਜਮਾਨੀ ਕਰਦਾ ਹੈ।

ਉਸਤਾਦ ਬਹਾਦਰ ਸਿੰਘ ਨੇ ਲਾਇਲਪੁਰ ਜਿਲ੍ਹੇ ਦੇ ਚੱਕ ਨੰ: 109 ਦੇ ਇੱਕ ਸਧਾਰਣ ਪਰਿਵਾਰ ਵਿੱਚ 1902 ਈ: ਨੂੰ ਸ੍ਰ ਗੰਡਾ ਸਿੰਘ ਦੇ ਘਰ ਜਨਮ ਲਿਆ। ਬਾਲ ਉਮਰੇ ਯਤੀਮ ਹੋ ਜਾਣ ਕਾਰਨ ਬਹਾਦਰ ਸਿੰਘ ਦਾ ਜੀਵਨ ਪ੍ਰਤਿ ਰਵੱਈਆ ਅਸਾਧਾਰਣ ਹੋ ਗਿਆ। ਜੀਵਨ ਦੇ ਅਥਾਹ ਸਮੁੰਦਰ ਦੀਆਂ ਅਸਗਾਹ ਚੁਣੌਤੀਆਂ ਨੇ ਬਾਲ ਬਹਾਦਰ ਸਿੰਘ ਦੀ ਸੋਚ ਨੂੰ ਤਿਖੇਰਾ ਅਤੇ ਗੰਭੀਰ ਬਣਾ ਦਿੱਤਾ। ਇਸੇ ਦੌਰਾਨ ਬਾਬਾ ਮਹਿਤਾਬ ਸਿੰਘ ਨਾਲ ਉਨ੍ਹਾਂ ਦੀ ਮੁਲਾਕਾਤ ਅਗਾਮੀ ਭਵਿੱਖ ਲਈ ਅਧਾਰਸ਼ਿਲਾ ਬਣ ਗਈ। ਬਾਬਾ ਮਹਿਤਾਬ ਸਿੰਘ ਯਤੀਮਖ਼ਾਨੇ ਦੀ ਸੇਵਾ ਵਿੱਚ ਤਬਲਾ ਅਧਿਆਪਕ ਸਨ। ਬਹਾਰਦ ਸਿੰਘ ਦੇ ਬਾਲ ਉਮਰੇ ਹੀ ਗੰਭੀਰ ਚਿਹਰੇ ਅਤੇ ਚੁੱਪ ਨੇ ਬਾਬਾ ਜੀ ਨੂੰ ਸਹਿਜੇ ਹੀ ਆਪਣੇ ਵੱਲ ਆਕਰਸ਼ਿਤ ਕਰ ਲਿਆ। ਯਤੀਮਖਾਨੇ ਵਿੱਚ ਸੰਗੀਤ ਸਿਖਾਉਣ ਦੀ ਸੁਵਿਧਾ ਵੀ ਮੌਜੂਦ ਸੀ। ਬਾਬਾ ਜੀ ਨੇ ਬਹਾਦਰ ਸਿੰਘ ਨੂੰ ਸੰਗੀਤ ਸਿਖਣ ਲਈ ਪ੍ਰੇਰਿਆ ਤਾਂ ਜੋ ਇਹ ਬਾਲ ਭਵਿੱਖ ਵਿੱਚ ਆਪਣੇ ਪੈਰਾਂ 'ਤੇ ਖੜ੍ਹਾ ਹੋ ਸਕੇ। ਬਾਬਾ ਮਹਿਤਾਬ ਦੇ ਅਸ਼ੀਰਵਾਦ ਨਾਲ ਬਹਾਦਰ ਸਿੰਘ ਨੂੰ ਸੰਗੀਤ ਦੀ ਚੇਟਕ ਲਗ ਗਈ। ਬਹਾਦਰ ਸਿੰਘ ਦਾ ਗੰਭੀਰ ਸੁਭਾਅ ਅਤੇ ਤਿਖੇਰੀ ਸੋਚ ਤਬਲਾ ਸਿੱਖਣ ਵਿੱਚ ਬਹੁਤ ਸਹਾਈ ਹੋਈ। ਯਤੀਮਖਾਨੇ ਵਿੱਚ ਉਨ੍ਹਾਂ ਕੀਰਤਨ ਕਰਨ ਦੀ ਸਿਖਲਾਈ ਪ੍ਰਾਪਤ ਕੀਤੀ। ਜਿਸ ਅਧੀਨ ਗਾਇਨ ਵੀ ਸਿੱਖਿਆ ਅਤੇ ਤਬਲਾ ਵਾਦਨ ਵੀ ਕਰਨ ਲੱਗੇ। ਬਾਬਾ ਮਹਿਤਾਬ ਸਿੰਘ ਆਪਣੇ ਵਿਦਿਆਰਥੀਆਂ ਨੂੰ ਗੁਰਬਾਣੀ ਦੇ ਅਧਾਰ 'ਤੇ ਨਰੋਈ ਜੀਵਨ ਜਾਚ ਦਾ ਸੰਦੇਸ਼ਾ ਦਿਆ ਕਰਦੇ ਸਨ ਜਿਹੜਾ ਬਹਾਦਰ ਸਿੰਘ ਦੇ ਅਗਾਮੀ ਜੀਵਨ ਦਾ ਅਟੁੱਟ ਅੰਗ ਬਣ ਗਿਆ। ਸੰਗੀਤ ਪ੍ਰਤੀ ਅਸਧਾਰਣ ਲਗਾਵ ਸਦਕਾ ਬਹਾਦਰ ਸਿੰਘ ਦੇ ਬਾਲ ਜ਼ਿਹਨ ਵਿੱਚ ਅਨੰਤ ਸੰਗੀਤਕ ਦਾਇਰਿਆਂ ਨੇ ਸਥਾਈ ਰੂਪ ਗ੍ਰਹਿਣ ਲਿਆ।

ਬਾਬਾ ਮਹਿਤਾਬ ਸਿੰਘ ਨੂੰ ਯਤੀਮਖਾਨੇ ਵਿੱਚ ਮੁਢਲੀ ਸਿੱਖਿਆ ਸਮਾਪਤ ਕਰਨ ਉਪਰੰਤ ਸ. ਬਹਾਦਰ ਸਿੰਘ ਨੂੰ ਯਤੀਮਖਾਨਾ ਛੱਡਣਾ ਪਿਆ। ਸੰਗੀਤ ਸਿੱਖਣ ਦੀ ਜਿਗਿਆਸਾ ਦੀ ਤ੍ਰਿਪਤੀ ਅਤੇ ਜੀਵਨ ਨਿਰਬਾਹ ਬਹਾਦਰ ਸਿੰਘ ਹੁਰਾਂ ਲਈ ਮਹੱਤਵਪੂਰਣ ਮਸਲੇ ਸਨ। ਆਪ ਸਮਝਦੇ ਸਨ ਕਿ ਜੀਵਨ ਨਿਰਬਾਹ ਲਈ ਸੰਚਿਤ ਸੰਗੀਤ ਕਲਾ ਕਾਫੀ ਨਹੀਂ ਇਸ ਲਈ ਇਨ੍ਹਾਂ ਲੁਧਿਆਣੇ ਦੇ ਇੱਕ ਘੜੀ ਸਾਜ਼ ਸ੍ਰ. ਗੁਰਬਖਸ ਸਿੰਘ ਤੋਂ ਘੜੀ ਸਾਜ਼ ਦਾ ਹੁਨਰ ਸਿੱਖਣਾ ਸ਼ੁਰੂ ਕੀਤਾ। ਉਪਰੰਤ ਆਪ ਲਾਹੌਰ ਵਿੱਚ ਦਸ ਵਰ੍ਹੇ ਤੱਕ ਘੜੀਆਂ ਨੂੰ ਲੈਅ ਬੱਧ ਕਰਦੇ ਰਹੇ

ਪਰੰਤੂ ਆਪ ਦੀ ਸਿਮਰਤੀ ਅਤੇ ਜ਼ਿਹਨ ਵਿੱਚ ਸੁਰ ਤੇ ਤਾਲ ਦੀ ਟਿਕ ਟਿਕ ਨਿਰੰਤਰ ਗੂੰਜਦੀ ਰਹੀ। ਆਪ ਨੇ ਫਿਰ ਤਬਲਾ ਸਿੱਖਣ ਲਈ ਮਨ ਬਣਾਇਆ। ਲਾਹੌਰ ਵਿੱਚ ਹੀ ਪੰਜਾਬ ਘਰਾਣੇ ਦੇ ਪ੍ਰਸਿੱਧ ਤਬਲਾ ਨਵਾਜ਼ ਮੀਆਂ ਫ਼ਕੀਰ ਬਖਸ਼ ਸਨ।

ਮੀਆਂ ਫ਼ਕੀਰ ਬਖਸ਼ ਨੂੰ ਪੰਜਾਬ ਘਰਾਣੇ ਦਾ ਪਿਤਾਮਾਂ ਕਿਹਾ ਜਾਂਦਾ ਹੈ। ਸ੍ਰ. ਬਹਾਦਰ ਸਿੰਘ ਦਾ ਮੇਲ ਉਸਤਾਦ ਫ਼ਕੀਰ ਬਖਸ਼ ਨਾਲ ਹੋਇਆ ਅਤੇ ਇਨ੍ਹਾਂ ਨੇ ਤਬਲਾ ਸਿੱਖਣ ਦਾ ਮਨ ਬਣਾ ਲਿਆ। ਇਨ੍ਹਾਂ ਕੁਝ ਸਮਾਂ ਉਸਤਾਦ ਮੀਰ ਬਖਸ਼ ਗਿੱਲ ਵਾਲੀਏ ਪਾਸੋਂ ਵੀ ਸਿਖਿਆ ਪ੍ਰਾਪਤ ਕੀਤੀ। ਉਸਤਾਦ ਨੇ ਬਹਾਦਰ ਸਿੰਘ ਨੂੰ ਤਬਲਾ ਵਾਦਨ ਦੀ ਸਿੱਖਿਆ ਦੇਣੀ ਆਰੰਭ ਕੀਤੀ ਜਿਸਨੂੰ ਇਸ ਹੋਣਹਾਰ ਅਤੇ ਪ੍ਰਤਿਭਾਸ਼ਾਲੀ ਸ਼ਾਗਿਰਦ ਨੇ ਮੌਲਿਕ ਅੰਦਾਜ਼ ਤੋਂ ਤੋੜ ਚੜ੍ਹਾਇਆ। ਉਸਤਾਦ ਦੀ ਅਪਾਰ ਬਖਸ਼ਿਸ਼ ਰਿਆਜ਼ ਅਤੇ ਲਗਨ ਸਦਕਾ ਬਹਾਦਰ ਸਿੰਘ ਦੀ ਕਲਾ ਦੀ ਮਹਿਕ ਦਿਨੋ ਦਿਨ ਬਿਖਰਨ ਲੱਗੀ। ਬਹਾਦਰ ਸਿੰਘ ਨੇ ਉਸਤਾਦ ਦੁਆਰਾ ਦਿੱਤੇ ਸਬਕ ਨੂੰ ਆਪਣੀ ਕਲਾ ਦੁਆਰਾ ਅਨੂਠਾ ਰੂਪ ਪ੍ਰਦਾਨ ਕਰਵਾਇਆ ਜਿਸਨੇ ਸੰਗੀਤ ਦੇ ਖੇਤਰ ਵਿੱਚ ਧੂਮ ਮਚਾ ਦਿੱਤੀ। ਇਸ ਜ਼ਮਾਨੇ ਵਿੱਚ ਸੰਗੀਤ ਨੂੰ ਘਰਾਣੇਦਾਰ ਵਿਰਾਸਤ ਸਮਝਿਆ ਜਾਂਦਾ ਸੀ ਪਰੰਤੂ ਸ੍ਰ. ਬਹਾਦਰ ਸਿੰਘ ਨੇ ਇਨ੍ਹਾਂ ਮਾਪਦੰਡਾਂ ਨੂੰ ਪਰਵਰਤਿਤ ਕਰ ਦਿੱਤਾ। 1937 ਵਿੱਚ ਲਾਹੌਰ ਰੇਡੀਓ ਸਟੇਸ਼ਨ ਉੱਤੇ ਆਪ ਨੂੰ ਤਬਲਾ ਵਾਦਕ ਦੀ ਸੇਵਾ ਮਿਲ ਗਈ। ਇੱਥੇ ਸ੍ਰ. ਬਹਾਦਰ ਸਿੰਘ ਦੀ ਕਲਾ ਦਿਨੋ ਦਿਨ ਹੋਰ ਨਿਖਰਨ ਲੱਗੀ ਕਿਉਂਕਿ ਹੁਣ ਜੀਵਨ ਨਿਰਬਾਹ ਦੀ ਚਿੰਤਾ ਖਤਮ ਹੋ ਚੁੱਕੀ ਸੀ। ਮੰਨੇ ਪ੍ਰਮੰਨੇ ਉਸਤਾਦਾਂ ਨਾਲ ਸੰਗਤ ਕਰਨ ਦੇ ਅਵਸਰ ਮਿਲਣ ਲੱਗੇ। ਕਲਾ ਤ੍ਰਿਪਤੀ ਦੇ ਇਸ ਅਹਿਸਾਸ ਨੇ ਸ੍ਰ. ਬਹਾਦਰ ਸਿੰਘ ਨੂੰ ਹੋਰ ਵਧੇਰੇ ਰਿਆਜ਼ ਕਰਨ ਲਈ ਪ੍ਰੇਰਿਆ। 1947 ਤੋਂ ਬਾਅਦ ਆਪ ਰੇਡਿਓ ਸਟੇਸ਼ਨ ਜਲੰਧਰ ਵਿਖੇ ਤਬਲਾ ਵਾਦਕ ਦੇ ਰੂਪ ਵਿੱਚ ਕੰਮ ਕਰਨ ਲੱਗੇ।

ਉਸਤਾਦ ਬਹਾਦਰ ਸਿੰਘ ਨੇ ਪੰਜਾਬ ਦੇ ਇਸ ਸ਼ਹਿਰ ਵਿੱਚ ਬਸੇਰਾ ਕਰਦਿਆਂ ਆਪਣੇ ਤਬਲੇ ਦੀ ਧਾਂਕ ਸਾਰੇ ਭਾਰਤ ਵਰਸ਼ ਵਿੱਚ ਬਿਠਾ ਦਿੱਤੀ। ਉਚਕੋਟੀ ਦੇ ਉਸਤਾਦ ਲੋਕ ਆਪ ਨਾਲ ਸੰਗਤ ਕਰਕੇ ਖੁਸ਼ ਹੋਇਆ ਕਰਦੇ ਸਨ। ਉਸਤਾਦ ਗ਼ੁਲਾਮ ਅਲੀ ਖਾਂ ਆਪਦੇ ਚੰਗੇ ਮਿੱਤਰ ਸਨ। ਜਦੋਂ ਕਦੇ ਵੀ ਮਿਲਦੇ ਘੰਟਿਆਂ ਬੱਧੀ ਸੰਗੀਤ ਚਰਚਾ ਹੁੰਦੀ ਰਹਿੰਦੀ ਅਤੇ ਜਦੋਂ ਕਦੇ ਇਹ ਜੋੜੀ ਕਲਾ ਪ੍ਰਸਤੁਤੀ ਲਈ ਬਿਰਾਜਮਾਨ ਹੁੰਦੀ ਤਾਂ ਇਸ ਮਹਿਫ਼ਿਲ ਦਾ ਰੰਗ ਵਿਸਮਾਦੀ ਹੋ ਨਿਬੜਦਾ। ਉਸਤਾਦ ਬਹਾਦਰ ਸਿੰਘ ਨੇ ਪੰਡਤ ਓਅੰਕਾਰ ਨਾਥ ਠਾਕੁਰ, ਪੰਡਤ ਦਲੀਪ ਚੰਦਰ ਵੇਦੀ ਅਤੇ ਪੰਡਤ ਰਵੀ ਸ਼ੰਕਰ ਵਰਗੇ ਉਚਕੋਟੀ ਦੇ ਉਸਤਾਦ ਕਲਾਕਾਰਾਂ ਨਾਲ ਅਨੇਕ ਵਾਰ ਸੰਗਤ ਕੀਤੀ।

ਉਸਤਾਦ ਬਹਾਦਰ ਸਿੰਘ ਨਿਮਰ, ਗੰਭੀਰ ਅਤੇ ਧੀਮੇ ਸੁਭਾਅ ਦੇ ਮਾਲਿਕ ਸਨ। ਆਪ ਬਹੁਤ ਹੀ ਧੀਮੇ ਸੁਰ ਅਤੇ ਸੰਖੇਪ ਵਿੱਚ ਗੱਲ ਕਰਿਆ ਕਰਦੇ ਸਨ। ਹਰ ਵਕਤ ਤਾਲ ਨਾਦ ਆਪਦੀ ਸਿਮਰਤੀ ਵਿੱਚ ਗੂੰਜਦਾ ਰਹਿੰਦਾ। ਦੁਨਿਆਵੀ ਕਾਰ ਵਿਹਾਰ ਕਰਦਿਆਂ ਵੀ ਆਪ ਕਿਸੇ ਤਾਲ-ਸੰਸਾਰ ਵਿੱਚ ਵਿਚਰ ਰਹੇ ਹੁੰਦੇ। ਇਹੀ ਕਾਰਨ ਹੈ ਕਿ ਇਨ੍ਹਾਂ ਦੁਆਰਾ ਕੀਤੀਆਂ ਗਈਆਂ ਵਿਵਿਧ ਰਚਨਾਵਾਂ ਲਾਸਾਨੀ ਹਨ। ਉਸਤਾਦ ਸਾਹਿਬ ਕਿਹਾ ਕਰਦੇ ਸਨ ਕਿ ਤਬਲਾ ਵਜਾਉਣਾ ਕੇਵਲ ਕਿਸੇ ਤਾਲ ਦੇ ਬੋਲਾਂ ਨੂੰ ਤਬਲੇ ਉੱਤੇ ਕੱਢਣਾ ਹੀ ਨਹੀਂ ਸਗੋਂ ਉਸ ਦੁਆਰਾ ਰਸ ਦੀ ਉਤਪਤੀ ਵੀ ਕਰਨੀ ਹੈ। ਤਬਲਾ ਇਸ ਤਰ੍ਹਾਂ ਰੂਹ ਨਾਲ ਵਜਾਇਆ ਜਾਵੇ ਕਿ ਸਧਾਰਣ ਸਰੋਤਾ ਵੀ ਉਸਦੇ ਤਾਲ ਨਾਲ ਝੂਮ ਉਠੇ। ਵਾਦਨ ਸੰਬੰਧੀ ਆਪਦੇ ਵਿਚਾਰ ਸਨ ਕਿ ਤਾਲ ਨੂੰ ਉਸਦੇ ਬਹਿਰ ਦੇ ਸਰੂਪ ਅਨੁਸਾਰ ਹੀ ਵਜਾਉਣਾ ਚਾਹੀਦਾ ਹੈ ਇਹ ਨਹੀਂ ਕਿ ਬਰਾਬਰ ਮਾਤਰਾਵਾਂ ਦਾ ਕੋਈ ਹੋਰ ਸਬਕ ਵਜਾ ਦਿੱਤਾ ਜਾਵੇ ਸਗੋਂ ਉਸਦੀ ਬਹਿਰ ਤੇ ਚਾਲ ਅਨੁਸਾਰ ਹੀ ਵਾਦਨ ਕੀਤਾ ਜਾਵੇ। ਆਪ ਨੇ ਕਾਇਦੇ ਦੀ ਬੜ੍ਹਤ ਦਾ ਨਿਵੇਕਲਾ ਅਤੇ ਦਿਲਕਸ਼ ਅੰਦਾਜ਼ ਪੇਸ਼ ਕੀਤਾ। ਇੱਕ ਕਾਇਦੇ ਦੇ ਭਿੰਨ ਭਿੰਨ ਰੂਪਾਂ ਨੂੰ ਘੰਟਿਆਂ ਬੱਧੀ ਵਜਾਉਣ ਦੀ ਸਮਰੱਥਾ ਆਪ ਕੋਲ ਮੌਜੂਦ ਸੀ। ਸਿਰਫ ਵਾਦਨ ਕੇਵਲ ਵਾਦਨ ਲਈ ਨਹੀਂ ਸਗੋਂ ਇਨ੍ਹਾਂ ਕਾਇਦਿਆਂ ਵਿੱਚ ਸਮ, ਖਾਲੀ, ਮਾਤਰਾ, ਤਾਲ ਅਤੇ ਲੈਅ ਆਪੋ ਆਪਣੇ ਖੂਬਸੂਰਤ ਅੰਦਾਜ਼ ਵਿੱਚ ਰਸ ਵਿੱਚ ਰੰਗੇ ਹੋਏ ਕੰਨ ਗੋਚਰ ਹੁੰਦੇ ਸਨ। ਉਸਤਾਦ ਜੀ ਦਾ ਤਬਲਾ ਸੁਰ ਕਰਨ ਦਾ ਢੰਗ ਬਹੁਤ ਹੀ ਲਾਜਵਾਬ ਸੀ। ਤਬਲਾ ਨਿੱਕੀ ਆਵਾਜ਼ 'ਚ ਸੁਰ ਕਰਦੇ ਕਿ ਨਜ਼ਦੀਕ ਬੈਠੇ ਵਿਅਕਤੀ ਨੂੰ ਵੀ ਪਤਾ ਨਹੀਂ ਸੀ ਲਗਦਾ ਪਰੰਤੂ ਜਦੋਂ ਸੁਰ ਕਰਨ ਉਪਰੰਤ ਖੁੱਲ੍ਹਾ ਹੱਥ ਮਾਰਦੇ ਤਾਂ ਸੁਰ ਦੇ ਸਾਖਸ਼ਾਤ ਦਰਸ਼ਨ ਕਰਵਾ ਦਿੰਦੇ। ਕੁਝ ਅਜਿਹਾ ਹੀ ਪੰਨਾ ਲਾਲ ਘੋਸ਼ ਦੀ ਇੱਕ ਮਹਿਫਿਲ

ਵਿੱਚ ਹੋਇਆ ਸੀ। ਜਿਸ ਵਿੱਚ ਪੰਨਾ ਲਾਲ ਘੋਸ਼ ਨੇ ਉਸਤਾਦ ਜੀ ਨੂੰ ਮੁਖਾਤਿਬ ਕਰਕੇ ਕਿਹਾ ਸੀ ਕਿ ਮੈਂ ਅਜਿਹਾ ਤਬਲਾ ਸੁਰ ਆਪਣੇ ਜੀਵਨ 'ਚ ਪਹਿਲੀ ਵਾਰ ਸੁਣ ਰਿਹਾ ਹਾਂ।

ਤਾਲ ਤੇ ਲੈਅ ਦੇ ਧਨੀ ਉਸਤਾਦ ਬਹਾਦਰ ਸਿੰਘ ਸਮੁਚੇ ਜੀਵਨ ਵਿੱਚ ਸਮੇਂ ਦੇ ਬਹੁਤ ਪਾਬੰਦ ਰਹੇ। ਉਨ੍ਹਾਂ ਦਾ ਹਰ ਨਿੱਕੇ ਤੋਂ ਨਿੱਕਾ ਕਾਰਜ ਕਾਲ ਬੱਧ ਸੀ। ਉਨ੍ਹਾਂ ਆਪਣੇ ਸ਼ਾਗਿਰਦਾਂ ਨੂੰ ਬੜੇ ਪਿਆਰ ਨਾਲ ਸਿਖਾਇਆ। ਆਪਦੇ ਕੋਈ ਔਲਾਦ ਨਹੀਂ ਸੀ ਅਤੇ ਆਪ ਆਪਣੇ ਸ਼ਿਸ਼ਾਂ ਨੂੰ ਆਪਣੇ ਬੱਚੇ ਹੀ ਸਮਝਦੇ ਸਨ ਜਿਨ੍ਹਾਂ 'ਚੋਂ ਸ੍ਰ. ਦਲੀਪ ਸਿੰਘ, ਸ੍ਰ. ਕ੍ਰਿਪਾਲ ਸਿੰਘ (ਸਵਰਗੀ) ਸ੍ਰ. ਰਣਜੀਤ ਸਿੰਘ, ਸ੍ਰ. ਰਣਜੋਧ ਸਿੰਘ, ਸ੍ਰੀ ਰਮਾਕਾਂਤ ਅਤੇ ਸ੍ਰ. ਤਰਲੋਚਨ ਸਿੰਘ ਪੰਜਾਬ ਦੇ ਮੰਨੇ-ਪ੍ਰਮੰਨੇ ਤਬਲਾ ਵਾਦਕ ਹਨ ਜਿਹੜੇ ਉਸਤਾਦ ਬਹਾਦਰ ਸਿੰਘ ਦੀ ਪਰੰਪਰਾ ਨੂੰ ਜੀਵਿਤ ਰੱਖ ਰਹੇ ਹਨ।

65 ਵਰ੍ਹਿਆਂ ਦੀ ਆਯੂ ਵਿੱਚ 7 ਫਰਵਰੀ, 1967 ਨੂੰ ਉਸਤਾਦ ਬਹਾਦਰ ਸਿੰਘ ਜੀ ਦਾ ਦੇਹਾਂਤ ਹੋ ਗਿਆ। ਇਨ੍ਹਾਂ ਦੇ ਜੀਵਨ ਦਾ ਕੋਈ ਪਲ ਵੀ ਸੰਗੀਤ ਤੋਂ ਸੱਖਣਾ ਨਹੀਂ ਸੀ। ਸਿਮਰਤੀ, ਜ਼ਿਹਨ ਅਤੇ ਕਰਮ ਕਰਕੇ ਸੰਗੀਤ ਜੀਵਨ ਭਰ ਇਨ੍ਹਾਂ ਦੇ ਅੰਗ ਸੰਗ ਰਿਹਾ। ਪੰਜਾਬ ਦੀ ਸੰਗੀਤ ਪਰੰਪਰਾ ਦੇ ਸੰਦਰਭ ਵਿੱਚ ਇਸ ਉਸਤਾਦ ਤਬਲਾ ਨਵਾਜ਼ ਦਾ ਕਾਰਜ ਅਭੁੱਲ ਹੈ। ■

1. 'ਅੰਮ੍ਰਿਤ ਕੀਰਤਨ' ਦੇ ਪਾਠਕਾਂ, ਵਿਸ਼ੇਸ਼ ਕਰਕੇ ਵਿਦੇਸ਼ਾਂ ਵਿੱਚ ਰਹਿ ਰਹੇ ਪਾਠਕਾਂ ਅੱਗੇ ਬੇਨਤੀ ਹੈ ਕਿ ਆਪਣੇ Telephone No., Fax No. ਤੇ E-Mail Address ਭੇਜਣ ਦੀ ਕ੍ਰਿਪਾਲਤਾ ਕਰਨ ਤਾਂ ਜੋ ਮੇਲ ਹੋਰ ਸੁਚੱਜੇ ਢੰਗ ਨਾਲ ਹੋ ਸਕੇ।
2. ਚਿੱਠੀ ਪੱਤਰ ਕਰਨ ਵੇਲੇ ਆਪਣਾ Subscriber No. ਜ਼ਰੂਰ ਲਿਖਣ ਦੀ ਖੇਚਲ ਕਰਨਾ।
3. ਜੇ ਤੁਹਾਨੂੰ 15 ਤਰੀਕ ਤੱਕ ਮੈਗਜ਼ੀਨ ਨਹੀਂ ਮਿਲਦਾ ਤਾਂ ਸਾਨੂੰ ਸੂਚਿਤ ਕਰੋ।

**ਅੰਮ੍ਰਿਤ ਕੀਰਤਨ ਟ੍ਰਸਟ, 1246 (I ਫਲੋਰ), ਸੈਕਟਰ 22-ਬੀ, ਚੰਡੀਗੜ੍ਹ 160 022**


ਸੇਵਾ ਸਾ ਤਿਸੁ ਭਾਵਸੀ ਸੰਤਾ ਕੀ ਹੋਇ ਛਾਰੁ॥

HELP NEEDY

**ਸੇਵਕਸ' ਚੈਰੀਟੇਬਲ ਟਰਸਟ (ਰਜਿ.)**

ਐਸ. ਸੀ. ਓ. 1104-05, ਸੈਕਟਰ 22-ਬੀ, ਚੰਡੀਗੜ੍ਹ

PHONES : 701238, 713915, 701396

HELP NEEDY

**IN THE SERVICE OF HUMANITY**



Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

A

**THE AROMA**

**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

*Metres and metres of endless possibilities*

Premium Event Centre
Millennium Centre
Deliberations
Abhinandan
Exporama
Mind Set
Phulkari
Art Craft

ਸੰਤ ਸਰਵਣ ਸਿੰਘ 'ਗੰਧਰਬ'
ਡੁਮੇਲੀ ਵਾਲੇ

'ਸੁਰ ਸਾਧਨ' ਇੱਕ ਮਹੱਤਵਪੂਰਣ ਸਾਧਨ ਹੈ। ਜੇਕਰ ਇਸ ਨੂੰ ਮਨੋਂ ਅਤੇ ਤਨੋਂ ਕੀਤਾ ਜਾਵੇ ਤਾਂ ਕੀਤੀ ਹੋਈ ਸਾਧਨਾ ਨਿਸਫ਼ਲ ਨਹੀਂ ਜਾਂਦੀ ਅਤੇ ਇਸ ਦਾ ਫਲ ਵੀ ਜ਼ਰੂਰ ਮਿਲਦਾ ਹੈ। ਇਹ ਜ਼ਰੂਰੀ ਨਹੀਂ ਕਿ ਸੁਰ ਲਈ ਹੀ ਸਾਧਨਾ ਕੀਤੀ ਜਾਵੇ ਤਾਂ ਉਸ ਦਾ ਫਲ ਮਿਲਦਾ ਹੈ। ਕੋਈ ਵੀ ਅਭਿਆਸ ਹੋਵੇ ਉਹ ਰੰਗ ਜ਼ਰੂਰ ਦਿਖਾਉਂਦਾ ਹੈ। ਜਿਵੇਂ ਕਿ ਕੁਰਬਾਨੀ ਕਦੀ ਵੀ ਵਿਅਰਥ ਨਹੀਂ ਜਾਂਦੀ, ਉਸੇ ਤਰ੍ਹਾਂ ਹਰ ਮਿਹਨਤ ਨੂੰ ਫਲ ਲਗਦਾ ਹੈ।

ਨਾਮ ਅਭਿਆਸੀ ਬੜੀਆਂ ਜੁਗਤਾਂ ਨਾਲ ਨਾਮ ਦਾ ਅਭਿਆਸ ਕਰਦੇ ਹਨ। ਵਿਉਹਾਰੀ ਲੋਕ ਆਪਣੇ ਫਰਜ਼ ਨਿਭਾਉਣ ਲਈ ਭਾਂਤ-ਭਾਂਤ ਦੇ ਕਸ਼ਟ ਉਠਾਉਂਦੇ ਹਨ। ਜ਼ਿਮੀਦਾਰ ਵੀ ਭਰਵੀਂ ਫਸਲ ਲੈਣ ਲਈ ਹਰ ਉਪਰਾਲਾ ਕਰਦੇ ਹਨ ਅਤੇ ਆਪਣੀ ਫ਼ਸਲ ਦੀ ਦੇਖ-ਭਾਲ ਵਿੱਚ ਤਨੋ ਮਨੋ ਜੁਟੇ ਰਹਿੰਦੇ ਹਨ। ਇਸ ਸਭ ਕੁਝ ਕਰ ਗੁਜ਼ਰਨ ਦੇ ਬਾਅਦ ਹੀ ਉਹ ਆਪਣੇ ਖ਼ੂਨ-ਪਸੀਨੇ ਦਾ ਮੁੱਲ ਪਾਉਂਦੇ ਹਨ। ਕਈ ਵਾਰ ਰੱਬੀ ਕਹਿਰਾਂ ਕਾਰਣ ਉਹਨਾਂ ਦੀ ਕੀਤੀ ਹੋਈ ਮਿਹਨਤ ਅਜਾਂਈ ਹੀ ਚਲੀ ਜਾਂਦੀ ਹੈ। ਇਸੇ ਤਰ੍ਹਾਂ ਦਸਤਕਾਰ ਵੀ ਆਪਣੀ ਕੀਤੀ ਹੋਈ ਮਿਹਨਤ ਤੋਂ ਹੱਥ ਧੋ ਬੈਠਦੇ ਹਨ। ਮਿਸਾਲ ਵਜੋਂ ਲੱਖਾਂ ਰੁਪਿਆ ਲਗਾ ਕੇ ਕਾਇਮ ਕੀਤੀਆਂ ਗਈਆਂ ਫਾਊਂਡਰੀਆਂ, ਵਰਕਸ਼ਾਪਾਂ, ਹੌਜ਼ਰੀ ਸਨਅਤਾਂ ਅਤੇ ਮਿਲਾਂ ਆਦਿ ਬਿਨਾਂ ਕੋਈ ਮੁਨਾਫ਼ਾ ਦਿਤਿਆ ਠੱਪ ਹੋ ਕੇ ਰਹਿ ਜਾਂਦੀਆਂ ਹਨ ਅਤੇ ਲਗਾਇਆ ਹੋਇਆ ਪੈਸਾ, ਕੀਤੀ ਹੋਈ ਮਿਹਨਤ ਅਤੇ ਕੀਤੀ ਹੋਈ ਕੁਰਬਾਨੀ ਕਿਸੇ ਕੰਮ ਨਹੀਂ ਆਉਂਦੀ। ਅਜਿਹੀ ਅਵਸਥਾ ਵਿੱਚ ਇਨਸਾਨ ਦੇ ਪੱਲੇ ਮਾਯੂਸੀ ਤੋਂ ਸ਼ਿਵਾ ਕੁਝ ਵੀ ਨਹੀਂ ਪੈਂਦਾ। ਜਿਵੇਂ ਕਬੀਰ ਜੀ ਫਰਮਾਉਂਦੇ ਹਨ :

*ਕਬੀਰ ਕਾਰਣ ਕਿਆ ਕਰੈ ਜੋ ਰਾਮ ਨ ਕਰੈ ਸਹਾਇ॥*
*ਜਿਹ ਜਿਹ ਡਾਲੀ ਪਗੁ ਧਰਿਓ ਸੋਈ ਮੁਰਿ ਮੁਰਿ ਜਾਇ॥*

ਉਪ੍ਰੋਕਤ ਮਿਸਾਲਾਂ ਤੋਂ ਇਹੀ ਗੱਲ ਉੱਭਰ ਕੇ ਸਾਡੇ ਸਾਹਮਣੇ ਆਉਂਦੀ ਹੈ ਕਿ ਭਾਵੇਂ ਕੋਈ ਲਿਖਾਰੀ ਹੋਵੇ ਜਾਂ ਕਾਰੀਗਰ, ਸਿਰਕੱਢ ਵਰਕਰ ਹੋਵੇ ਜਾਂ ਜ਼ਿਮੀਦਾਰ ਅਤੇ ਜਾਂ ਫੇਰ ਸੁਰ ਸਾਧਨ ਵਾਲਾ ਸੰਗੀਤਕਾਰ, ਸਾਰਿਆਂ ਲਈ ਸਾਧਨਾਂ ਬੇਹੱਦ ਜ਼ਰੂਰੀ ਹੈ। ਪਰ ਇਸ ਦੇ ਨਾਲ-ਨਾਲ ਕਿਸਮਤ ਦਾ ਹੱਥ ਹੋਣਾ ਵੀ ਘੱਟ ਜ਼ਰੂਰੀ ਨਹੀਂ।

ਸੰਸਾਰ ਵਿੱਚ ਵਿਦਵਾਨਾਂ ਨੇ 14 ਪ੍ਰਕਾਰ ਦੀਆਂ ਵਿਦਿਆਵਾਂ ਲਿਖੀਆਂ ਹਨ। ਸਿਆਣਿਆਂ ਦਾ ਕਹਿਣਾ ਹੈ ਕਿ ਬਿਨਾਂ ਕੁਰਬਾਨੀ ਦੇ ਇਨਸਾਨ ਨੂੰ ਕਿਸੇ ਵੀ ਕੰਮ ਦਾ ਫ਼ਲ ਨਹੀਂ ਮਿਲਦਾ, ਭਾਵੇਂ ਕਿ ਫਲ ਪ੍ਰਾਪਤ ਹੋਣ ਵਿੱਚ ਕਿਸਮਤ ਦਾ ਵੀ ਚੋਖਾ ਹੱਥ ਹੁੰਦਾ ਹੈ। ਜੇਕਰ ਕਿਸਮਤ ਹੀ ਮਾੜੀ ਹੋਵੇ ਤਾਂ ਸਾਰੇ ਕੀਤੇ ਕਰਾਏ ਧਰੇ ਦੇ ਧਰੇ ਰਹਿ ਜਾਂਦੇ ਹਨ। ਇੱਥੇ ਇਸ ਗੱਲ ਉੱਪਰ ਜ਼ੋਰ ਦਿੱਤਾ ਜਾ ਸਕਦਾ ਹੈ ਕਿ ਜੇਕਰ ਪੂਰਬਲੇ ਕਰਮ ਚੰਗੇ ਹੋਣ ਅਤੇ ਕਿਸੇ ਗੁਣੀ ਗਿਆਨੀ ਜਾਂ ਮਹਾਂਪੁਰਖ ਦਾ ਸਿਰ ਤੇ ਹੱਥ ਹੋਵੇ ਤਾਂ ਥੋਹੜੇ ਜਿਹੇ ਅਭਿਆਸ ਨਾਲ ਹੀ ਬਹੁਤ ਕੁਝ ਪ੍ਰਾਪਤ ਹੋ ਜਾਂਦਾ ਹੈ। ਜਿਵੇਂ ਕਿ ਗੁਰੂ ਸਾਹਿਬ ਲਿਖਦੇ ਹਨ :

*"ਪਰਾ ਪੂਰਬਲੀ ਭਾਵਨੀ, ਪ੍ਰਗਟ ਹੋਈ ਆਇ।*
*ਜਾਂ ਪੂਰਬ ਲਿਖਤ ਲਿਖੇ ਗੁਰ ਪਾਇਆ॥"*

ਅਸੀਂ ਵੀ ਬਹੁਤੇਰੇ ਸੰਸਾਰਿਕ ਵਿਦਵਾਨਾਂ ਪਾਸੋਂ ਸੁਣਿਆ ਹੈ ਕਿ ਸੰਗੀਤ ਵਰਗੀ ਮਹਾਨ ਦਾਤ ਉਸੇ ਨੂੰ ਪ੍ਰਾਪਤ ਹੁੰਦੀ ਹੈ ਜਿਸ ਨੇ ਪੂਰਬਲੇ ਜਨਮ ਵਿੱਚ ਹੀਰੇ ਮੋਤੀ ਦਾਨ ਕੀਤੇ ਹੋਣ। ਹੁਣ ਵੇਖਣ ਵਾਲੀ ਗੱਲ ਇਹ ਹੈ ਕਿ ਇਸਦਾ ਸਬੂਤ ਕੀ ਹੈ?

ਹਰ ਮਨੁੱਖ ਦੀ ਇਹ ਤੀਬਰ ਇੱਛਾ ਹੁੰਦੀ ਹੈ ਕਿ ਉਹ ਇੱਕ ਪੂਰਨ ਗੁਰਸਿੱਖ, ਮਹਾਂਪੁਰਖ ਜਾਂ ਇੱਕ ਨਾਮੀ ਗੁਣੀ ਵਿਅਕਤੀ ਬਣ ਜਾਵੇ। ਉਹ ਇਸ ਉਦੇਸ਼ ਦੀ ਪੂਰਤੀ ਲਈ ਹਰ ਤਰ੍ਹਾਂ ਦੇ ਜਤਨ ਕਰਦਾ ਹੈ ਪਰ ਜਦ ਤਕ ਤਨੋ ਅਤੇ ਮਨੋ ਨਾਮ ਦੀ ਅਰਾਧਨਾ ਨਹੀਂ ਕੀਤੀ ਜਾਂਦੀ ਅਤੇ ਗੁਰਬਚਨਾਂ ਰਾਹੀਂ ਜੀਵਨ ਵਿੱਚ ਪਰਿਵਰਤਨ ਨਹੀਂ ਲਿਆਇਆ ਜਾਂਦਾ ਤਦ ਤਕ ਉਸ ਦੇ ਸੁਪਨੇ ਸਾਕਾਰ ਨਹੀਂ ਹੁੰਦੇ।

ਸਾਡੇ ਵਿਚਾਰ ਅਨੁਸਾਰ ਜਿੱਥੇ ਇੱਕ ਮਹਾਨ ਪੁਰਖ ਜਾਂ ਗੁਰਸਿੱਖ ਬਣਨਾ ਔਖਾ ਹੈ ਉੱਥੇ ਪੂਰਨ ਸੰਗੀਤਕਾਰ ਬਣਨਾ ਵੀ ਸੌਖਾ ਨਹੀਂ। ਜਿਸ ਤਰ੍ਹਾਂ ਨਾਮ ਅਭਿਆਸੀ ਲਈ ਆਪਣੀਆਂ ਇੰਦਰੀਆਂ ਨੂੰ ਵਸ ਵਿੱਚ ਕਰਨਾ ਜ਼ਰੂਰੀ ਹੈ ਉਸੇ ਪ੍ਰਕਾਰ ਸੰਗੀਤ ਦਾ ਅਭਿਆਸ ਕਰਨ ਲਈ ਇਨ੍ਹਾਂ ਨਿਯਮਾਂ ਦਾ ਪਾਲਣਾ ਕਰਨ ਦੀ ਬੇਹੱਦ ਲੋੜ ਹੈ। ਨਾਮ ਵੀ ਬਿਨਾਂ ਜਤ-ਸਤ ਦੇ ਨਹੀਂ ਜਪਿਆ ਜਾ ਸਕਦਾ ਅਤੇ ਸੁਰ ਸਾਧਨ ਵੀ ਜਤ-ਸਤ ਦੀ ਪੂਰੀ ਤਰ੍ਹਾਂ ਮੁਹਤਾਜ਼ ਹੈ। ਇਹੀ ਗੱਲ ਪਹਿਲਵਾਨਾਂ ਉੱਪਰ ਵੀ ਢੁੱਕਦੀ ਹੈ। ਬਿਨਾਂ ਜਤੀ-ਸਤੀ ਹੋਣ ਦੇ ਉਹ ਵੀ ਸੰਸਾਰ ਵਿੱਚ ਨਾਮਣਾ ਨਹੀਂ ਖੱਟ ਸਕਦੇ।

ਪਰ ਇੱਥੇ ਅਸੀਂ ਜਿਸ ਗੱਲ ਉੱਪਰ ਜ਼ੋਰ ਦੇਣਾ ਚਾਹੁੰਦੇ ਹਾਂ ਉਹ ਹੈ ਸੰਗੀਤ-ਸਾਧਨਾ ਲਈ ਲੋੜੀਂਦੀਆਂ ਜ਼ਰੂਰੀ ਹਿਦਾਇਤਾਂ। ਸਭ ਤੋਂ ਪਹਿਲੀ ਹਿਦਾਇਤ ਇਹ ਹੈ ਕਿ ਸੰਗੀਤ ਪ੍ਰੇਮੀ ਦਾ ਇਰਾਦਾ ਪੱਕਾ ਹੋਣਾ ਚਾਹੀਦਾ ਹੈ। ਇਰਾਦੇ ਦੇ ਨਾਲ ਉਸ ਵਿੱਚ ਉੱਦਮ ਵੀ ਕੁੱਟ-ਕੁੱਟ ਕੇ ਭਰਿਆ ਹੋਣਾ ਚਾਹੀਦਾ ਹੈ। ਉਪਰੰਤ ਇੱਕ ਪੂਰਨ ਗੁਰੂ ਦਾ ਹੋਣਾ ਬਹੁਤ ਜ਼ਰੂਰੀ ਹੈ। ਚੇਤੇ ਰਹੇ ਕਿ ਆਲਸੀ ਵਿਦਿਆਰਥੀ ਕਿਸੇ ਵੀ ਵਿਦਿਆਂ ਦੇ ਨਾਂ ਉੱਪਰ ਇੱਕ ਧੱਬਾ ਹੁੰਦਾ ਹੈ। ਜਿਵੇਂ ਕਿ 'ਸਾਰ ਉਕਤਾਵਲੀ' ਨਾਮਕ ਗਰੰਥ ਵਿੱਚ ਲਿਖਿਆ ਹੈ :

*"ਦੁਖੀ, ਵਿਆਧੀ, ਆਲਸੀ, ਕੁਮੱਤ ਰਸਕਿ ਬਹੁਤ ਸੋਇ।*
*ਤਿਹ ਅਧਿਕਾਰ ਨਾ ਸ਼ਾਸਤਰ ਕੌ, ਖਟ ਦੋਖਨ ਜਨ ਜੋਇ।"*

ਵਿਦਿਆਰਥੀ ਵਿੱਚ ਉਪਰੋਕਤ ਸ਼ਲੋਕ ਵਿੱਚ ਲਿਖੀਆਂ ਛੇ ਬੁਰਾਈਆਂ ਜਿਵੇਂ ਕਿ ਵਧੇਰੇ ਸੌਣਾ, ਜ਼ਿਆਦਾ ਖਾਣਾ ਅਤੇ ਸ਼ਰੀਰ ਦਾ ਰੋਗੀ ਹੋਣਾ ਆਦਿ ਨਹੀਂ ਹੋਣੀਆਂ ਚਾਹੀਦੀਆਂ। ਸਭ ਤੋਂ ਵੱਡੀ ਗੱਲ ਇਹ ਹੈ ਕਿ ਵਿਦਿਆਰਥੀ ਅਕ੍ਰਿਤਘਣ ਨਹੀਂ ਹੋਣਾ ਚਾਹੀਦਾ। ਗੁਰੂ ਸਾਹਿਬ ਨੇ ਤਾਂ ਧੁਰੋਂ ਆਈ ਅਕਾਸ਼ੀ ਬਾਣੀ ਵਿੱਚ ਅਕ੍ਰਿਤਘਣ ਲਈ ਕੋਈ ਥਾਂ ਨਹੀਂ ਰੱਖੀ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬਾਣੀ ਪੜ੍ਹਨ ਤੇ ਇਸ ਬਾਰੇ ਪੂਰਾ ਗਿਆਨ ਹੋ ਜਾਂਦਾ ਹੈ।

ਵਿਦਿਆਰਥੀ ਨੂੰ ਆਪਣੇ ਗੁਰੂ ਜਾਂ ਉਸਤਾਦ ਦੀ ਹਮੇਸ਼ਾਂ ਇੱਜ਼ਤ ਕਰਦੇ ਰਹਿਣਾ ਚਾਹੀਦਾ ਹੈ, ਕਿਸੇ ਉਰਦੂ ਦੇ ਸ਼ਾਇਰ ਨੇ ਲਿਖਿਆ ਹੈ :

"ਬਾ-ਇੱਜ਼ਤ, ਬਾ-ਨਸੀਬ, ਬੇ-ਇੱਜ਼ਤ, ਬੇ-ਨਸੀਬ।"

ਇਸ ਪਿੱਛੋਂ ਪ੍ਰਸ਼ਨ ਉੱਠਦਾ ਹੈ ਕਿ ਅਭਿਆਸ ਕਿਸ ਤਰ੍ਹਾਂ ਕੀਤਾ ਜਾਵੇ?

ਸਭ ਤੋਂ ਪਹਿਲਾਂ ਅੰਮ੍ਰਿਤ ਵੇਲੇ ਉਠ ਕੇ, ਸਵੇਰ ਦੇ ਕੰਮਾਂ ਤੋਂ ਵੇਹਲੇ ਹੋ ਕੇ, ਘੱਟੋ ਘੱਟ ਇੱਕ ਘੰਟਾ ਅਤੇ ਵਧ ਤੋਂ ਵਧ ਦੋ ਘੰਟੇ ਰਿਆਜ਼ ਕਰਨਾ ਚਾਹੀਦਾ ਹੈ। ਸੁਰ ਨੂੰ ਈਸ਼ਵਰ ਸਰੂਪ ਮੰਨਣਾ ਚਾਹੀਦਾ ਹੈ ਕਿਉਂਕਿ ਸ਼ਬਦ, ਨਾਦ ਹੈ ਅਤੇ ਨਾਦ, ਸ਼ਬਦ। ਸ਼ਬਦ ਦਾ ਦੂਜਾ ਨਾਮ ਹੀ 'ਸੁਰ' ਹੈ।

ਸੁਰ ਦੇ ਪਹਿਲੇ ਟਿਕਾਅ ਨੂੰ 'ਸਾ' ਆਖਿਆ ਜਾਂਦਾ ਹੈ। ਸੁਰ ਅਭਿਆਸ ਲਈ ਤਾਨਪੁਰੇ ਨੂੰ ਸੁਰ ਕਰ ਲੈਣਾ ਚਾਹੀਦਾ ਹੈ।

ਸੁਰ ਸਾਧਨ ਦੇ ਨਿਯਮ :

1. ਸੁਰ ਨੂੰ ਬੜੀ ਧੀਮੀ ਆਵਾਜ਼ ਨਾਲ ਗਲੇ ਚੋਂ ਕਢਣਾ ਚਾਹੀਦਾ ਹੈ ਅਤੇ ਆਵਾਜ਼ ਨੂੰ 'ਸਾ' ਸੁਰ ਨਾਲ ਮਿਲਾਉਣਾ ਦਾ ਜਤਨ ਕਰਨਾ ਚਾਹੀਦਾ ਹੈ।
2. 'ਸਾ' ਬੋਲਣ ਸਮੇਂ ਆਪਣੇ ਸਾਹ ਨੂੰ ਲੰਮਾਂ ਖਿੱਚ ਕੇ ਪੂਰੀ ਤਰ੍ਹਾਂ ਭਰ ਲੈਣਾ ਚਾਹੀਦਾ ਹੈ ਅਤੇ ਹੌਲੀ-ਹੌਲੀ ਆਵਾਜ਼ ਰਾਹੀਂ ਸਾਹ (ਰਗ) ਨੂੰ ਛੱਡਣਾ ਚਾਹੀਦਾ ਹੈ। ਜਿੰਨੀ ਦੇਰ ਤਕ ਸਾਹ ਖ਼ਤਮ ਨਾ ਹੋਵੇ ਓਨੀ ਦੇਰ ਤਕ ਆਵਾਜ਼ ਕਢਦੇ ਰਹਿਣਾ ਚਾਹੀਦਾ ਹੈ। ਖ਼ਿਆਲ ਰਹੇ ਕਿ ਆਵਾਜ਼ ਅਡੋਲ ਅਤੇ ਸਾਫ਼ ਹੋਣੀ ਚਾਹੀਦੀ ਹੈ।
3. ਗਾਇਕ ਦਾ ਸਾਹ ਵਧ ਤੋਂ ਵਧ ਲੰਮਾ ਹੋਣਾ ਚਾਹੀਦਾ ਹੈ। ਗਾਇਕ ਆਪਣਾ ਸਾਹ (ਦਮ) ਜਿੰਨਾ ਲੰਮਾ ਕਰੇਗਾ ਓਨਾ ਹੀ ਸੰਗੀਤ ਦੇ ਖੇਤਰ ਵਿੱਚ ਉਸ ਨੂੰ ਲਾਭ ਪ੍ਰਾਪਤ ਹੋਵੇਗਾ। ਲੰਮੇ ਸਾਹ ਵਾਲਾ ਗਾਇਕ ਹੀ ਧਰੁਪਦ, ਖ਼ਿਆਲ ਅਤੇ ਠੁਮਰੀ ਆਦਿ ਕਈ ਪ੍ਰਕਾਰ ਦੇ ਗੀਤ ਗਾ ਸਕਦਾ ਹੈ ਅਤੇ ਸਪਾਟ ਤਾਨ ਲਗਾਉਣੀ ਵੀ ਉਸ ਲਈ ਬਹੁਤ ਆਸਾਨ ਹੁੰਦੀ ਹੈ।

4. ਆਵਾਜ਼ ਕੱਢਣ ਵਿੱਚ ਕਈ ਪ੍ਰਕਾਰ ਦੇ ਦੋਸ਼ ਹੁੰਦੇ ਹਨ ਜਿਹਨਾਂ ਨੂੰ 'ਸੁਰ ਦੋਸ਼' ਆਖਿਆ ਜਾਂਦਾ ਹੈ। ਇਸ ਲਈ 'ਸੁਰ ਦੋਸ਼ਾਂ' ਤੋਂ ਬਚਣਾ ਬਹੁਤ ਜ਼ਰੂਰੀ ਹੈ। ਇਹ ਦੋਸ਼ ਇਸ ਤਰ੍ਹਾਂ ਹਨ :
ਆਵਾਜ਼ ਦਾ ਭੜ-ਭੜਾਉਣਾ, ਸੁਰ ਦਾ ਕੰਬਣਾ, ਨੱਕ ਵਿੱਚ ਬੋਲਣਾ, ਸੰਘ ਘੁਟ ਕੇ ਬੋਲਣਾ, ਆਪਣੇ ਆਪ ਦਾਦਰ ਕੰਠੀ ਬਨਾਉਣ ਦਾ ਜਤਨ ਕਰਨਾ, ਆਵਾਜ਼ ਨੂੰ ਧੱਕੇ ਨਾਲ ਲਾਉਣਾ ਅਤੇ ਆਵਾਜ਼ ਨੂੰ ਹਿੱਕ ਦੇ ਜ਼ੋਰ ਨਾਲ ਬਾਹਰ ਕਢਣਾ ਆਦਿ।

5. ਉਂਝ ਤੇ ਸਪਤਕ ਵਿੱਚ 'ਸ' ਦੇ ਨਾਲ ਛੇ ਆਵਾਜ਼ਾਂ ਹੋਰ ਵੀ ਹਨ, ਜਿਵੇਂ ਕਿ ਰੇ, ਗ, ਮ, ਪ, ਧ, ਨੀ ਪਰ ਸਾਰੀਆਂ ਆਵਾਜ਼ਾਂ ਨੂੰ ਛੱਡ ਕੇ ਸਭ ਤੋਂ ਪਹਿਲਾਂ 'ਸਾ' ਦੀ ਆਵਾਜ਼ ਨੂੰ ਹੀ ਸਿੱਧ ਕਰਨਾ ਚਾਹੀਦਾ ਹੈ ਅਤੇ ਇਸ ਨੂੰ ਹੀ ਵਧ ਤੋਂ ਵਧ ਮਿੱਠਾ ਅਤੇ ਸੁਰੀਲਾ ਬਣਾਉਣਾ ਚਾਹੀਦਾ ਹੈ।
ਉਸਤਾਦ ਲੋਕਾਂ ਦਾ ਆਖਣਾ ਹੈ ਕਿ ਕੇਵਲ ਇੱਕੋ 'ਸਾ' ਮਿਲਾਉਣਾ ਹੀ ਪੂਰਨ ਤੌਰ ਤੇ ਸਿੱਖ ਲਿਆ ਜਾਵੇ ਤਾਂ ਸੰਗੀਤ ਸੁਰਾਂ ਦਾ ਬਹੁਤ ਸਾਰਾ ਗਿਆਨ ਹੋ ਜਾਂਦਾ ਹੈ।

6. ਆਵਾਜ਼ ਖੁਲ੍ਹੇ ਆਕਾਰ ਵਿੱਚ ਕਢਣੀ ਚਾਹੀਦੀ ਹੈ। ਜਿਸ ਤਰ੍ਹਾਂ ਕੰਨੇ ਦੀ ਆਵਾਜ਼ 'ਆ' ਹੁੰਦੀ ਹੈ ਇਸ ਲਈ ਉਸੇ ਆਵਾਜ਼ ਨੂੰ ਸਾਹਮਣੇ ਰੱਖ ਕੇ ਅਭਿਆਸ ਕੀਤਾ ਜਾਣਾ ਚਾਹੀਦਾ ਹੈ। 'ਸਾ' ਜਾਂ ਕੰਨੇ ਦੀ ਆਵਾਜ਼ 'ਆ' ਇੱਕੋ ਗੱਲ ਹੈ। ਆਵਾਜ਼ ਹਮੇਸ਼ਾ ਗਲੇ ਵਿੱਚੋਂ ਸਾਫ ਅਤੇ 'ਆ' ਵਿੱਚ ਨਿਕਲਣੀ ਚਾਹੀਦੀ ਹੈ। ਦੋਸ਼ ਪੂਰਣ ਆਵਾਜ਼ਾਂ ਨਹੀਂ ਕਢਣੀਆਂ ਚਾਹੀਦੀਆਂ।

7. ਜਿੱਥੇ ਅਸੀਂ ਆਕਾਰ ਨਾਲ ਆਵਾਜ਼ ਦੀ ਸਾਧਨਾ ਕਰਦੇ ਹਾਂ ਉੱਥੇ ਨਾਲ-ਨਾਲ ਸਰਗਮਾਂ ਦੀ ਮਿਹਨਤ ਵੀ ਆਰੋਹ-ਅਵਰੋਹ ਰਾਹੀਂ ਕਰਨੀ ਬੇ-ਹੱਦ ਜ਼ਰੂਰੀ ਹੈ।

8. ਪੰਡਿਤ 'ਓਂਕਾਰ ਨਾਥ ਠਾਕੁਰ' ਪੰਡਿਤ 'ਵਿਸ਼ਨੂੰ ਦਿਗੰਬਰ' ਤੇ 'ਪਲੂਸਕਾਰ' ਜੀ ਵਰਗੇ ਮਹਾਨ ਸੰਗੀਤਕਾਰ (ਗਾਇਕ) ਜਿੱਥੇ 32-32 ਅਲੰਕਾਰਾਂ ਦੀ ਸਾਧਨਾ ਆਪ ਕਰਿਆ ਕਰਦੇ ਸਨ, ਉੱਥੇ ਵਿਦਿਆਰਥੀ ਕੋਲੋਂ ਵੀ ਇਹਨਾਂ ਦਾ ਅਭਿਆਸ ਕਰਵਾਇਆ ਕਰਦੇ ਸਨ। ਪਰ ਅਸੀਂ ਵਿਦਿਆਰਥੀਆਂ ਨੂੰ ਇਹ ਸਲਾਹ ਦਸਾਂਗੇ ਕਿ ਜੇਕਰ ਜ਼ਿਆਦਾ ਨਹੀਂ ਤਾਂ ਘੱਟੋ-ਘੱਟ 10 ਅਲੰਕਾਰਾਂ ਦਾ ਅਭਿਆਸ ਤਾਂ ਜ਼ਰੂਰ ਹੀ ਕਰਨਾ ਚਾਹੀਦਾ ਹੈ। ਜਿਹਨਾਂ ਗਾਇਕਾਂ ਨੇ 32 ਅਲੰਕਾਰਾਂ ਦੀ ਸਾਧਨਾਂ ਕੀਤੀ ਹੈ ਅਤੇ ਜਿਹੜੇ ਕੇਵਲ 10 ਅਲੰਕਾਰਾਂ ਦੀ ਸਾਧਨਾ ਕਰਦੇ ਰਹੇ ਹਨ, ਉਸ ਦਾ ਫਰਕ ਦੋਹਾਂ ਦੀ ਗਾਇਕੀ ਤੋਂ ਪੂਰੀ ਤਰ੍ਹਾਂ ਸਪੱਸ਼ਟ ਹੋ ਜਾਂਦਾ ਹੈ।

9. ਇੱਕ ਅੱਛਾ ਗਾਇਕ ਬਣਨ ਲਈ ਜਿੱਥੇ 'ਮਧ ਸਪਤਕ' ਦੀ ਸਾਧਨਾ ਜ਼ਰੂਰੀ ਹੈ ਉੱਥੇ 'ਮੰਦਰ ਸਪਤਕ' ਦਾ ਅਭਿਆਸ ਵੀ ਬੇ-ਹੱਦ ਲੋੜੀਂਦਾ ਹੈ। ਮੇਰੀ ਨਿਜੀ ਰਾਇ ਹੈ ਕਿ 'ਮੰਦਰ ਸਪਤਕ' ਨੂੰ ਸਾਧਣਾ ਬਹੁਤ ਜ਼ਿਆਦਾ ਲਾਭਦਾਇਕ ਰਹਿੰਦਾ ਹੈ, ਕਿਉਂਕਿ ਅਸੀਂ ਇਹ ਆਪ ਕੀਤਾ ਹੈ ਅਤੇ ਕਰਵਾ ਕੇ ਵੀ ਵੇਖਿਆ ਹੈ। ਇਸ ਤੇ ਕੋਈ ਵੀ ਵਿਅਕਤੀ 'ਕਿੰਤੂ' ਨਹੀਂ ਕਰ ਸਕਦਾ।

10. ਸੁਰ ਨੂੰ ਸ਼ੁਰੂ ਕਰਨ ਦਾ ਟਿਕਾਣਾ ਵਿਦਿਆਰਥੀ ਦੀ ਆਵਾਜ਼ ਉੱਪਰ ਨਿਰਭਰ ਕਰਦਾ ਹੈ, ਕਿਉਂਕਿ ਕਈਆਂ ਦੀ ਆਵਾਜ਼ ਪਹਿਲੇ ਚਿੱਟੇ ਸੁਰ ਉੱਪਰ, ਕਈਆਂ ਦੀ ਪਹਿਲੇ ਕਾਲੇ ਸੁਰ ਉੱਪਰ ਅਤੇ ਬਹੁਤ ਸਾਰਿਆਂ ਦੀ ਦੂਜੇ ਕਾਲੇ ਸੁਰ ਉੱਪਰ ਲਗਦੀ ਹੈ। ਇਸ ਲਈ ਜਿਸ ਵਿਦਿਆਰਥੀ ਦੀ ਆਵਾਜ਼ ਜਿਸ ਵੀ ਸੁਰ ਉੱਪਰ ਠੀਕ ਤਰ੍ਹਾਂ ਨਾਲ ਲਗੇ ਉੱਥੇ ਹੀ ਉਸ ਨੂੰ ਆਪਦਾ ਆਧਾਰ ਬਣਾ ਲੈਣਾ ਚਾਹੀਦਾ ਹੈ।

11. ਅਸੀਂ ਉੱਪਰ ਦਸ ਆਏ ਹਾਂ ਕਿ ਆਵਾਜ਼ ਬੜੀ ਧੀਮੀ ਸ਼ੁਰੂ ਕਰੋ। ਪਰ ਜਿੱਥੇ ਅਸੀਂ ਆਵਾਜ਼ ਨੂੰ ਨਰਮੀ ਨਾਲ ਲਾਉਣ ਲਈ ਆਖਿਆ ਹੈ ਉੱਥੇ ਆਵਾਜ਼ ਭਰਵੀਂ, ਬੁਲੰਦ ਅਤੇ ਲੰਮੀ ਵੀ ਹੋਣੀ ਚਾਹੀਦੀ ਹੈ। ਜੇਕਰ ਤੁਸੀਂ ਆਵਾਜ਼ ਦੀ ਬੁਲੰਦੀ ਨੂੰ ਰੋਕ ਕੇ ਗਲੇ ਨੂੰ ਘੁੱਟਣ ਦਾ ਜਤਨ ਕਰੋਗੇ ਤਾਂ ਤੁਹਾਡੀ ਆਵਾਜ਼ ਸੁੰਦਰ ਅਤੇ ਸੁਰੀਲੀ ਬਣਨ ਦੀ ਬਜਾਏ ਕੁਰੱਖਤ ਅਤੇ ਕਠੋਰ ਹੋ ਜਾਵੇਗੀ।

